SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 233 | Thursday, December 21, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## 50 ਕਿੱਲੋ ਕੋਕੀਨ ਕੈਨੇਡਾ ਲਿਆਉਣ ਦੀ ਕੋਸ਼ਿਸ਼ ਕਰਦਾ ਪੰਜਾਬੀ ਮੁੰਡਾ ਗ੍ਰਿਫਤਾਰ



ਬਰੈਂਪਟਨ, 20 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਬਲੂ ਵਾਟਰ ਬ੍ਰਿੱਜ ਪੋਰਟ ਆਫ ਐਂਟਰੀ ਰਾਹੀਂ ਕਥਿਤ ਤੌਰ ਉੱਤੇ 50 ਕਿੱਲੋ ਕੋਕੀਨ ਸਮਗਲ ਕਰਨ ਦੀ ਕੋਸ਼ਿਸ਼ ਕਰ ਰਹੇ ਬਰੈਂਪਟਨ ਦੇ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਤੇ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਵੱਲੋਂ ਸਾਂਝੇ ਤੌਰ ਉੱਤੇ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਪੁਲਿਸ ਅਧਿਕਾਰੀਆਂ ਨੇ ਆਖਿਆ ਕਿ 4 ਦਸੰਬਰ ਨੂੰ ਪੁਆਇੰਟ ਐਡਵਰਡ ਓਨਟਾਰੀਓ ਵਿੱਚ ਬਲੂ ਵਾਟਰ ਬ੍ਰਿੱਜ ਪੋਰਟ ਆਫ ਐਂਟਰੀ ਤੋਂ ਇੱਕ ਕਮਰਸ਼ੀਅਲ ਟਰੱਕ ਕੈਨੇਡ; ਵਿੱਚ ਦਾਖਲ ਹੋਇਆ ਤੇ ਉਸ ਨੂੰ ਦੂਹਰੀ ਜਾਂਚ ਲਈ ਭੇਜਿਆ ਗਿਆ।

ਜਾਂਚ ਕਰਨ ਸੀਬੀਐਸਏ ਦੇ ਅਧਿਕਾਰੀਆਂ ਨੂੰ ਸ਼ੱਕੀ ਕੋਕੀਨ ਦੇ 52 ਕਿੱਲੋ ਦੇ ਡੱਬੇ ਮਿਲੇ। ਬਾਰਡਰ ਕਰੌਸਿੰਗ ਉੱਤੇ ਇਨ੍ਹਾਂ ਡੱਬਿਆਂ ਨੂੰ ਸੀਜ਼ ਕਰ ਲਿਆ ਗਿਆ। ਬੁੱਧਵਾਰ ਨੂੰ ਸੀਬੀਐਸਏ ਤੇ ਆਰਸੀਐਮਪੀ ਨੇ ਬਰੈਂਪਟਨ ਦੇ 27 ਸਾਲਾ ਮਨਪ੍ਰੀਤ ਸਿੰਘ ਦੀ ਪਛਾਣ ਮਸ਼ਕੂਕ ਵਜੋਂ ਕੀਤੀ। ਉਸ ਖਿਲਾਫ ਕਈ ਚਾਰਜਿਜ਼ ਲਾਏ ਗਏ ਹਨ ਜਿਨ੍ਹਾਂ ਵਿੱਚ ਕੰਟਰੋਲਡ ਡਰੱਗਜ਼ ਐਂਡ ਸਬਸਟਾਂਸਿਜ਼ ਐਕਟ ਤਹਿਤ ਕੋਕੀਨ ਇੰਪੋਰਟ ਕਰਨ ਤੇ ਸਮਗਲਿੰਗ ਲਈ ਕੋਕੀਨ ਆਪਣੇ ਕੋਲ ਰੱਖਣ ਵਰਗੇ ਚਾਰਜਿਜ਼ ਵੀ ਸ਼ਾਮਲ ਹਨ।

## ਮਾਪਿਆਂ ਜਾ ਗ੍ਰੈਂਡਪੇਰੈਂਟਸ ਨੂੰ ਪਰਮਾਨੈਂਟ ਰੈਜ਼ੀਡੈਂਸੀ ਵਾਸਤੇ ਸਪਾਂਸਰ ਕਰਨ ਲਈ ਬਚਿਆ ਸਿਰਫ ਇੱਕ ਦਿਨ



ਓਟਵਾ, 20 ਦਸੰਬਰ (ਪੋਸਟ ਬਿਊਰੋ) : ਕੀ ਤੁਸੀਂ 2020 ਵਿੱਚ ਪਰਮਾਨੈਂਟ ਰੈਜ਼ੀਡੈਂਸੀ ਲਈ ਆਪਣੇ ਮਾਪਿਆਂ ਜਾਂ ਗ੍ਰੈਂਡਪੇਰੈਂਟ ਵਿੱਚੋਂ ਕਿਸੇ ਇੱਕ ਨੂੰ ਸਪਾਂਸਰ ਕਰਨ ਵਿੱਚ ਦਿਲਚਸਪੀ ਵਿਖਾਈ ਸੀ? ਤੁਹਾਨੂੰ ਤੁਹਾਡੀ ਈਮੇਲ ਚੈੱਕ ਕਰਨ ਦੀ ਲੋੜ ਹੈ।

ਤੁਸੀਂ ਉਨ੍ਹਾਂ 24,200 ਲੋਕਾਂ ਵਿੱਚੋਂ ਇੱਕ ਹੋ ਸਕਦੇ ਹੋ ਜਿਨ੍ਹਾਂ ਨੂੰ ਇਸ ਸਾਲ ਮਾਪਿਆਂ ਜਾਂ ਗ੍ਰੈਂਡਪੇਰੈਂਟਸ ਵਿੱਚੋਂ ਕਿਸੇ ਨੂੰ ਸਪਾਂਸਰ ਕਰਨ ਲਈ ਅਪਲਾਈ ਕਰਨ ਦਾ ਸੱਦਾ ਮਿਲਿਆ ਹੋਵੇ ਤੇ ਇਸ ਅਰਜ਼ੀ ਲਈ ਡੈੱਡਲਾਈਨ ਦੋ ਦਿਨ ਦੀ ਦੂਰੀ ਉੱਤੇ ਹੈ। ਜ਼ਿਕਰਯੋਗ ਹੈ ਕਿ ਹਰ ਸਾਲ ਕੈਨੇਡਾ ਹਜ਼ਾਰਾਂ ਬਿਨੈਕਾਰਾਂ ਦੀਆਂ ਅਰਜ਼ੀਆਂ ਪ੍ਰੋਸੈੱਸ ਕਰਦਾ ਹੈ ਤੇ ਫਿਰ ਪੇਰੈਂਟਸ ਐਂਡ ਗ੍ਰੈਂਡਪੇਰੈਂਟਸ ਪ੍ਰੋਗਰਾਮ (ਪੀਜੀਪੀ) ਰਾਹੀਂ ਬਿਨੈਕਾਰਾਂ ਦੇ ਪਰਿਵਾਰਕ ਮੈਂਬਰਾਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਦੀ ਇਜਾਜ਼ਤ ਦਿੰਦਾ ਹੈ। ਸੱਭ ਤੋਂ ਪਹਿਲਾਂ ਇਹ ਪ੍ਰੋਗਰਾਮ 2002 ਵਿੱਚ ਸ਼ੁਰੂ ਹੋਇਆ ਸੀ ਤੇ ਇਸ ਪਿੱਛੇ ਆਈਡੀਆ ਕੈਨੇਡੀਅਨ ਨਾਗਰਿਕਾਂ ਜਾਂ ਕੈਨੇਡੀਅਨ ਪਰਮਾਨੈਂਟ ਰੈਜ਼ੀਡੈਂਟਸ ਨੂੰ ਸਿੱਧੇ ਤੌਰ ਉੱਤੇ ਆਪਣੇ ਮਾਪਿਆਂ ਜਾਂ ਗ੍ਰੈਂਡਪੇਰੈਂਟਸ ਲਈ ਸਿੱਧਾ ਸਪਾਂਸਰ ਬਣਨ ਦੀ ਖੁੱਲ੍ਹ ਦੇਣਾ ਸੀ। ਅਜਿਹਾ ਪਰਿਵਾਰਕ ਮੈਂਬਰਾਂ ਨੂੰ ਕੈਨੇਡਾ ਵਿੱਚ ਮੁੜ ਤੋਂ ਇੱਕਠਿਆਂ ਰਹਿਣ ਦੇਣ ਦਾ ਮੌਕਾ ਦੇਣ ਲਈ ਕੀਤਾ ਗਿਆ।ਇਸ ਸਾਲ ਅਰਜ਼ੀਆਂ ਹਾਸਲ ਕਰਨ ਦੀ ਆਖਰੀ ਤਰੀਕ 22 ਦਸੰਬਰ ਹੈ। ਪਰ ਇਸ ਲਈ ਯੋਗ ਕੌਣ ਹਨ? ਇਸ ਵਾਰੀ ਉਨ੍ਹਾਂ ਅਰਜ਼ੀਆਂ ਵਿੱਚੋਂ ਚੋਣ ਕੀਤੀ ਜਾਵੇਗੀ ਜਿਨ੍ਹਾਂ ਨੇ 2020 ਵਿੱਚ ਪ੍ਰੋਗਰਾਮ ਵਿੱਚ ਦਿਲਚਸਪੀ ਵਿਖਾਈ ਸੀ।

ਅਕਤੂਬਰ 10 ਤੇ 23 ਦਰਮਿਆਨ ਸਰਕਾਰ ਨੇ 24,200 ਸੱਦਾ ਪੱਤਰ ਉਨ੍ਹਾਂ ਵਿਅਕਤੀਆਂ ਨੂੰ ਭੇਜੇ ਸਨ ਜਿਨ੍ਹਾਂ ਨੇ 2020 ਵਿੱਚ ਇਸ ਪ੍ਰੋਗਰਾਮ ਲਈ ਅਪਲਾਈ ਕੀਤਾ ਸੀ। ਇਨ੍ਹਾਂ ਸੱਦਾ ਪੱਤਰਾਂ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੀ ਅਰਜ਼ੀ ਮਨਜ਼ੂਰ ਹੋ ਗਈ ਹੈ। ਇਸ ਤੋਂ ਭਾਵ ਹੈ ਕਿ ਤੁਸੀਂ ਆਪਣੇ ਮਾਪੇ ਜਾਂ ਗ੍ਰੈਂਡਪੇਰੈਂਟ ਨੂੰ ਸਪਾਂਸਰ ਕਰਨ ਲਈ ਅਰਜ਼ੀ ਭੇਜ ਸਕਦੇ ਹੋਂ।ਇਸ ਵਾਰੀ 15,000 ਅਰਜ਼ੀਆਂ ਸਵੀਕਾਰੀਆਂ ਜਾਣੀਆਂ ਹਨ ਪਰ ਇਹ ਸ਼ੁੱਕਰਵਾਰ ਨੂੰ ਮੁੱਕ ਰਹੀ ਡੈੱਡਲਾਈਨ ਤੋਂ ਪਹਿਲਾਂ ਜਮ੍ਹਾਂ ਹੋਣੀਆਂ ਚਾਹੀਦੀਆਂ ਹਨ।

ਇੱਥੇ ਇਹ ਵੀ ਸਮਝਣਾ ਹੋਵੇਗਾ ਕਿ ਜੇ ਤੁਸੀਂ ਪੇਰੈਂਟ ਜਾਂ ਗ੍ਰੈਂਡਪੇਰੈਂਟ ਨੂੰ ਸਪਾਂਸਰ ਕਰਨ ਲਈ ਅਪਲਾਈ ਕਰਦੇ ਹੋ ਤਾਂ ਉਸੇ ਵੇਲੇ ਤੁਹਾਡੇ ਪੇਰੈਂਟ ਜਾਂ ਗ੍ਰੈਂਡਪੇਰੈਂਟ ਨੂੰ ਵੀ ਪਰਮਾਨੈਂਟ ਰੈਜ਼ੀਡੈਂਸ ਲਈ ਅਰਜ਼ੀ ਅਪਲਾਈ ਕਰਨਾ ਹੋਵੇਗਾ ਤੇ ਅਰਜ਼ੀ ਜਮ੍ਹਾਂ ਕਰਵਾਉਣੀ ਹੋਵੇਗੀ। ਪਰਮਾਨੈਂਟ ਰੈਜ਼ੀਡੈਂਸੀ ਲਈ ਅਰਜ਼ੀਆਂ ਸਰਕਾਰ ਦੇ ਆਨਲਾਈਨ ਪੋਰਟਲ ਤੋਂ ਭਰੀਆਂ ਜਾ ਸਕਦੀਆਂ ਹਨ।

## ਯੂ-ਹਾਲ ਟਰੱਕ ਚੋਰੀ ਕਰਨ ਤੇ ਇੱਕ ਵਿਅਕਤੀ ਨੂੰ ਅਗਵਾ ਕਰਨ ਵਾਲੇ ਮਸ਼ਕੂਕ ਨੂੰ ਲਿਆ ਗਿਆ ਹਿਰਾਸਤ ਵਿੱਚ



ਟੋਰਾਂਟੋ, 20 ਦਸੰਬਰ (ਪੋਸਟ ਬਿਊਰੋ) : ਯੂ-ਹਾਲ ਟਰੱਕ ਚੋਰੀ ਕਰਨ ਵਾਲੇ ਡਰਾਈਵਰ ਨੂੰ ਉਸ ਸਮੇਂ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਉਸ ਨੇ ਗੰਨ ਦੀ ਨੋਕ ਉੱਤੇ ਇੱਕ ਹੋਰ ਵਿਅਕਤੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਤੇ ਫਿਰ ਪੁਲਿਸ ਕਿੰਨਾਂ ਚਿਰ ਉਸ ਦੇ ਮਗਰ ਲੱਗੀ ਟੋਰਾਂਟੋ ਦੀਆਂ ਸੜਕਾਂ ਉੱਤੇ ਗੇੜੇ ਲਾਉਂਦੀ ਰਹੀ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਅਧਿਕਾਰੀ ਸਵੇਰੇ 11:30 ਵਜੇ ਦੇ ਨੇੜੇ ਤੇੜੇ ਡੈਨਫੋਰਡ ਤੇ ਵਾਰਡਨ ਐਵਨਿਊਜ਼ ਏਰੀਆ ਵਿੱਚ ਸਨ ਤੇ ਉਹ 6 ਦਸੰਬਰ ਨੂੰ ਸਕਾਰਬਰੋ ਬੈਸਟ ਬਾਇ ਦੇ ਬਾਹਰ ਛੁਟੀ ਉੱਤੇ ਚੱਲ ਰਹੇ ਪੁਲਿਸ ਅਧਿਕਾਰੀ ਉੱਤੇ ਚਾਕੂ ਨਾਲ ਕੀਤੇ ਗਏ ਵਾਰ ਦੀ ਜਾਂਚ ਕਰ ਰਹੇ ਸਨ। ਇੰਸਪੈਕਟਰ ਮਿਹਰ ਅਬਦਲ ਮਲਿਕ ਨੇ ਦੱਸਿਆ ਕਿ ਐਨੇ ਨੂੰ ਉਨ੍ਹਾਂ ਛੁਰੇਬਾਜ਼ੀ ਵਿੱਚ ਸ਼ਾਮਲ ਮਸ਼ਕੂਕ ਨੂੰ ਚੋਰੀ ਦੇ ਯੂ-ਹਾਲ ਟਰੱਕ ਵਿੱਚ ਵੇਖਿਆ ਤੇ ਉਨ੍ਹਾਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੇ ਰੁਕਣ ਤੋਂ ਇਨਕਾਰ ਕਰ ਦਿੱਤਾ ਤੇ ਪੁਲਿਸ ਅਧਿਕਾਰੀਆਂ ਨਾਲ ਉਸ ਦੀ ਤਕਰਾਰ ਵੀ ਹੋਈ। ਕਈ ਅਧਿਕਾਰੀਆਂ ਨੂੰ ਇਸ ਸਾਰੇ ਘਟਨਾਕ੍ਰਮ ਵਿੱਚ ਮਾਮੂਲੀ ਸੱਟਾਂ ਵੀ ਲੱਗੀਆਂ।ਇਸੇ ਦੌਰਾਨ ਪੁਲਿਸ ਨੂੰ ਇਹ ਵੀ ਪਤਾ ਲੱਗਿਆ ਕਿ ਮਸ਼ਕੂਕ ਨੇ ਗੰਨ ਦੀ ਨੋਕ ਉੱਤੇ ਇੱਕ ਵਿਅਕਤੀ ਨੂੰ ਅਗਵਾ ਵੀ ਕੀਤਾ ਹੋਇਆ ਹੈ। ਫਿਰ ਪੁਲਿਸ ਨੇ ਯੌਰਕ ਰੀਜਨਲ ਪੁਲਿਸ ਤੋਂ ਮਦਦ ਮੰਗੀ ਤੇ ਹੈਲੀਕਾਪਟਰ ਵੀ ਉਨ੍ਹਾਂ ਨੂੰ ਮੁਹੱਈਆ ਕਰਵਾਇਆ ਗਿਆ।

ਫਿਰ ਯੂ ਹਾਲ ਟਰੱਕ ਦਾ ਪਿੱਛਾ ਕਰਕੇ 49 ਸਾਲਾ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।ਅਗਵਾ ਕਾਂਡ ਦੇ ਸਬੰਧ ਵਿੱਚ ਪੁਲਿਸ ਵੱਲੋਂ ਹੋਰ ਵੇਰਵੇ ਮੁਹੱਈਆ ਨਹੀਂ ਕਰਵਾਏ ਗਏ। ਕਿਸੇ ਹੋਰ ਸ਼ਖਸ ਦੇ ਜ਼ਖਮੀ ਹੋਣ ਦੀ ਵੀ ਖਬਰ ਨਹੀਂ ਹੈ।ਪੁਲਿਸ ਨੇ ਦੱਸਿਆ ਕਿ ਯੂ-ਹਾਲ ਟਰੱਕ ਵੱਲੋਂ ਕਈ ਹੋਰਨਾਂ ਗੱਡੀਆਂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਅਜੇ ਤੱਕ ਪੁਲਿਸ ਨੇ ਇਹ ਵੀ ਨਹੀਂ ਦੱਸਿਆ ਕਿ ਮਸ਼ਕੂਕ ਖਿਲਾਫ ਕੀ ਚਾਰਜਿਜ਼ ਲਾਏ ਜਾਣਗੇ।

## ਚੋਰੀ ਦਾ ਪਿੱਕਅੱਪ ਟਰੱਕ ਰੈਂਪ ਵਿੱਚ ਮਾਰਨ ਤੋਂ ਬਾਅਦ ਮਸ਼ਕੂਕ ਹੋਏ ਫਰਾਰ



ਟੋਰਾਂਟੋ, 20 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਹਾਈਵੇਅ 401 ਉੱਤੇ ਚੋਰੀ ਦੀ ਗੱਡੀ ਨਾਲ ਹੋਏ ਹਾਦਸੇ ਤੋਂ ਬਾਅਦ ਪੁਲਿਸ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਬੁੱਧਵਾਰ ਨੂੰ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਅਧਿਕਾਰੀਆਂ ਨੂੰ ਸਵੇਰੇ 4:30 ਵਜੇ ਦੇ ਨੇੜੇ ਤੇੜੇ ਪੂਰਬ ਵੱਲ 401 ਉੱਤੇ ਵਿਕਟੋਰੀਆ ਪਾਰਕ ਐਵਨਿਊ ਦੇ ਉੱਤਰ ਵੱਲ ਵਾਪਰੇ ਹਾਦਸੇ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਡੌਜ ਰੈਮ ਪਿੱਕਅੱਪ ਟਰੱਕ ਦੇ ਮਾਲਕ ਨੇ ਦੱਸਿਆ ਕਿ ਕੁੱਝ ਮਸ਼ਕੂਕ ਉਸ ਦਾ ਟਰੱਕ ਚੋਰੀ ਕਰਕੇ ਜਾ ਰਹੇ ਹਨ। ਮਾਲਕ ਦੂਜੀ ਗੱਡੀ ਵਿੱਚ ਸਵਾਰ ਹੋ ਕੇ ਉਨ੍ਹਾਂ ਦੇ ਮਗਰ ਹੋ ਲਿਆ। ਉਹ ਉਦੋਂ ਤੱਕ ਆਪਣੇ ਚੋਰੀ ਕੀਤੇ ਗਏ ਟਰੱਕ ਦਾ ਪਿੱਛਾ ਕਰਦਾ ਰਿਹਾ ਜਦੋਂ ਤੱਕ ਟਰੱਕ ਰੈਂਪ ਵਿੱਚ ਵੱਜਕੇ ਹਾਦਸਾਗ੍ਰਸਤ ਨਾ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਚੋਰ ਟਰੱਕ ਵਿੱਚੋਂ ਨਿਕਲੇ ਤੇ ਪੈਦਲ ਹੀ ਉੱਥੋਂ ਫਰਾਰ ਹੋ ਗਏ। ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਪੁਲਿਸ ਅਨੁਸਾਰ ਟਰੱਕ ਦਾ ਮਾਲਕ ਇਹ ਵੇਖ ਹੀ ਨਹੀਂ ਸਕਿਆ ਕਿ ਕਿੰਨੇ

## ਬਹੁਤੇ ਕੈਨੇਡੀਅਨਜ਼ ਦੀ ਮੁੱਖ ਤਰਜੀਹ ਨਹੀਂ ਹੈ ਫਾਰਮਾਕੇਅਰ



ਓਟਵਾ, 20 ਦਸੰਬਰ (ਪੋਸਟ ਬਿਊਰੋ) : ਇੱਕ ਪਾਸੇ ਲਿਬਰਲ ਤੇ ਨਿਊ ਡੈਮੋਕ੍ਰੈਟਸ ਇਸ ਮੁੱਦੇ ਉੱਤੇ ਵਿਚਾਰ ਵਟਾਂਦਰਾ ਕਰ ਰਹੇ ਹਨ ਕਿ ਭਵਿੱਖ ਦਾ ਨੈਸ਼ਨਲ ਡਰੱਗ ਪਲੈਨ ਕਿਹੋ ਜਿਹਾ ਹੋਵੇਗਾ ਉੱਥੇ ਹੀ ਦੂਜੇ ਪਾਸੇ ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਬਹੁਤੇ ਕੈਨੇਡੀਅਨਜ਼ ਲਈ ਫਾਰਮਾਕੇਅਰ ਮੁੱਖ ਤਰਜੀਹ ਨਹੀਂ ਹੈ।

ਇਹ ਪੁੱਛੇ ਜਾਣ ਉੱਤੇ ਕਿ ਆਪਣੀਆਂ ਦੋ ਹੈਲਥ ਕੇਅਰ ਤਰਜੀਹਾਂ ਬਾਰੇ ਦੱਸੋ ਤਾਂ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਸਿਰਫ 18 ਫੀ ਸਦੀ ਲੋਕਾਂ ਨੇ ਇਹ ਆਖਿਆ ਕਿ ਸਰਕਾਰ ਨੂੰ ਨਵਾਂ, ਯੂਨੀਵਰਸਲ, ਸਿੰਗਲ ਪੇਅਰ ਡਰੱਗ ਪਲੈਨ ਲਿਆਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਰਜੀਕਲ ਵੇਟ ਟਾਈਮਜ਼, ਵਧੇਰੇ ਲਾਂਗ ਟਰਮ ਕੇਅਰ ਘਰ ਬਣਾਉਣ ਤੇ ਮੈਂਟਲ ਹੈਲਥ ਸੇਵਾਵਾਂ ਦਾ ਪਸਾਰ ਕਰਨ ਵੱਲ ਲੋਕਾਂ ਦਾ ਕ੍ਰਮਵਾਰ 36 ਫੀ ਸਦੀ, 32 ਫੀ ਸਦੀ ਤੇ 30 ਫੀ ਸਦੀ ਰੁਝਾਨ ਸੀ।

ਲੈਜਰ ਦੇ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਕ੍ਰਿਸਚੀਅਨ ਬੁਰਕ ਨੇ ਆਖਿਆ ਕਿ ਕੈਨੇਡੀਅਨਜ਼ ਦੀ ਤਰਜੀਹੀ ਸੂਚੀ ਵਿੱਚ ਨੈਸ਼ਨਲ ਡਰੱਗ ਪਲੈਨ ਹੈ ਹੀ ਨਹੀਂ।ਜ਼ਿਕਰਯੋਗ ਹੈ ਕਿ ਐਨਡੀਪੀ ਨਾਲ ਕੀਤੇ ਗਏ ਸਿਆਸੀ ਸਮਝੌਤੇ ਤਹਿਤ ਲਿਬਰਲਾਂ ਨੇ ਫਾਰਮਾਕੇਅਰ ਲੈਜਿਸਲੇਸ਼ਨ ਪਾਸ ਕਰਨ ਦਾ ਵਾਅਦਾ ਕੀਤਾ ਸੀ। ਸਰਵੇਖਣ ਤੋਂ ਸਾਹਮਣੇ ਆਇਆ ਕਿ 53 ਫੀ ਸਦੀ ਕੈਨੇਡੀਅਨਜ਼ ਨੂੰ ਸਰਕਾਰ ਦੀਆਂ ਇਸ ਤਰ੍ਹਾਂ ਦੀਆਂ ਯੋਜਨਾਵਾਂ ਬਾਰੇ ਕੁੱਝ ਪਤਾ ਹੀ ਨਹੀਂ ਹੈ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
CPAP ਮਸ਼ੀਨਾਂ, ਮਾਸਕ ਅਤੇ ਸਪਲਾਈ
ਮੁਫ਼ਤ ਸਲਾਹ
(647) 954-9885
20 Maritime Ont Blvd Unit 15
Brampton, ON L6S 0C2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca topinsuranceservices.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਇੰਡੀਆ ਪਲਟਣ ਨੇ ਫੇਰ ਹੈ ਕਰੀ ਬੈਠਕ,
ਲੱਗੀ ਫਿਰ ਬਾਤ ਨਾ ਆਰ ਜਾਂ ਪਾਰ ਬੇਲੀ।
ਗੇਅਰ ਫਸਣ ਲੱਗਦਾ ਫਿਰ ਤੋਂ ਆਣ ਏਥੇ,
ਬਣਾਈਏ ਮੁੱਖ ਕੀਹਨੂੰ ਉਮੀਦਵਾਰ ਬੇਲੀ।
ਅੱਗੋਂ ਰਾਜਾਂ ਵਿੱਚ ਕਿੱਦਾਂ ਦੀ ਸਾਂਝ ਕਰਨੀ,
ਖਾਕਾ ਹੋਇਆ ਨਹੀਂ ਕੋਈ ਤਿਆਰ ਬੇਲੀ।
ਜਿਸ ਦੇ ਨਾਲ ਹਨ ਸਿੱਝਣ ਨੂੰ ਹੋਏ ’ਕੱਠੇ,
ਉਹ ਹੈ ਕਰੀ ਆਉਂਦਾ ਮਾਰੋ-ਮਾਰ ਬੇਲੀ।
ਪਾਵਣੀ ਸਾਂਝ ਪਰ ਰੋਕਾਂ ਹਨ ਬਹੁਤ ਬੇਲੀ,
ਹਰ ਕੋਈ ਆਪਣੀ ਸੋਚ ਲਈ ਖੜਾ ਬੇਲੀ।
ਨਿਸ਼ਾਨਾ ਮੁੱਖ ਨਹੀਂ ਜਾਪਦਾ ਮੁੱਖ ਲੱਗਦਾ,
ਵਡੇਰਾ ਫਰਜ਼ ਤੋਂ ਕਰਨ ਪਏ ਧੜਾ ਬੇਲੀ।

**ਤੀਸ ਮਾਰ ਖਾਂ**

# ਲੰਡਨ ਵਿਚ ਲਾਪਤਾ ਗੁਰਸ਼ਮਨ ਭਾਟੀਆ ਦੀ ਨਹਿਰ ਵਿਚ ਡੁੱਬਣ ਕਾਰਨ ਮੌਤ



ਲੰਡਨ, 20 ਦਸੰਬਰ (ਪੋਸਟ ਬਿਊਰੋ): ਇੰਗਲੈਂਡ ਦੇ ਲੰਡਨ ਵਿਚ ਲਾਪਤਾ ਹੋਏ ਜਲੰਧਰ ਦੇ ਇਕ ਨੌਜਵਾਨ ਦੀ ਮੌਤ ਹੋ ਗਈ ਹੈ। ਮਾਡਲ ਟਾਊਨ ਦਾ ਰਹਿਣ ਵਾਲਾ ਗੁਰਸ਼ਮਨ ਸਿੰਘ ਭਾਟੀਆ (23) 15 ਦਸੰਬਰ ਤੋਂ ਲਾਪਤਾ ਸੀ। ਜਿਸ ਤੋਂ ਬਾਅਦ ਪੂਰਾ ਪਰਿਵਾਰ ਸਦਮੇ ਵਿਚ ਹੈ। ਗੁਰਸ਼ਮਨ ਈਸਟ ਲੰਡਨ ਵਿੱਚ ਪੜ੍ਹਨ ਗਿਆ ਸੀ। ਉਸ ਨੂੰ ਆਖਰੀ ਵਾਰ ਪੂਰਬੀ ਲੰਡਨ ਦੇ ਕੈਨਰੀ ਵਾਰਫ ਵਿਖੇ ਦੇਖਿਆ ਗਿਆ ਸੀ। ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ 15 ਦਸੰਬਰ ਤੋਂ ਲਾਪਤਾ ਭਾਟੀਆ ਦੀ ਜਾਣਕਾਰੀ ਸੋਸ਼ਲ ਮੀਡੀਆ ’ਤੇ ਸਾਂਝੀ ਕਰਦਿਆਂ ਵਿਦੇਸ਼ ਮੰਤਰਾਲੇ ਤੋਂ ਮੱਦਦ ਮੰਗੀ ਸੀ। ਉਸ ਦੀ ਨਹਿਰ 'ਚ ਡੁੱਬਣ ਨਾਲ ਮੌਤ ਹੋ ਗਈ।

ਜਲੰਧਰ ਮਾਡਲ ਟਾਊਨ ਕਮੇਟੀ ਦੇ ਅਧਿਕਾਰੀ ਰਾਜੀਵ ਦੁੱਗਲ ਨੇ ਦੱਸਿਆ ਕਿ ਗੁਰਸ਼ਮਨ ਦਾ ਜਨਮ ਦਿਨ 15 ਦਸੰਬਰ ਨੂੰ ਸੀ। ਜਨਮ ਦਿਨ ਮਨਾ ਕੇ ਸਾਰੇ ਦੋਸਤ 15 ਦਸੰਬਰ ਦੀ ਰਾਤ ਨੂੰ ਆਪੋ-ਆਪਣੇ ਘਰਾਂ ਨੂੰ ਚਲੇ ਗਏ। ਜਿਸ ਤੋਂ ਬਾਅਦ ਗੁਰਸ਼ਮਨ ਲਾਪਤਾ ਸੀ। ਗੁਰਸ਼ਮਨ ਦੀ ਮੌਤ ਦੀ ਸੂਚਨਾ ਸੋਮਵਾਰ ਰਾਤ ਨੂੰ ਮਿਲੀ। ਦੁੱਗਲ ਨੇ ਦੱਸਿਆ ਕਿ ਕਰੀਬ 15 ਦਿਨਾਂ ਬਾਅਦ ਗੁਰਸ਼ਮਨ ਨੇ ਯੂ.ਕੇ ਤੋਂ ਐਮ.ਬੀ.ਏ ਦੀ ਡਿਗਰੀ ਲੈਣੀ ਸੀ। ਪਰਿਵਾਰ ਅਰਜੇਂਟ ਵੀਜ਼ਾ ਲਗਵਾਕੇ ਵਿਦੇਸ਼ ਗਿਆ ਹੈ।

# 18 ਸਾਲ ਦੀ ਧੀ ਦਾ ਕਤਲ ਕਰਨ ਵਾਲੇ ਪਾਕਿਸਤਾਨੀ ਜੋੜੇ ਨੂੰ ਇਟਲੀ ਵਿਚ ਉਮਰ ਕੈਦ ਦੀ ਸਜ਼ਾ



ਰੋਮ, 20 ਦਸੰਬਰ (ਪੋਸਟ ਬਿਊਰੋ): ਇਟਲੀ ਦੀ ਇਕ ਅਦਾਲਤ ਨੇ ਮੰਗਲਵਾਰ ਨੂੰ ਇਕ ਪਾਕਿਸਤਾਨੀ ਮੂਲ ਦੇ ਜੋੜੇ ਨੂੰ ਆਪਣੀ ਹੀ ਧੀ ਦੀ ਹੱਤਿਆ ਦਾ ਦੋਸ਼ੀ ਪਾਇਆ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। 18 ਸਾਲਾ ਸਨਮ ਅੱਬਾਸ ਨੂੰ ਇਨ੍ਹਾਂ ਮਾਪਿਆਂ ਨੇ 2021 ਵਿੱਚ ਵਿਆਹ ਤੋਂ ਇਨਕਾਰ ਕਰਨ ਤੋਂ ਬਾਅਦ ਮਾਰ ਦਿੱਤਾ ਸੀ। ਉਸ ਦੀ ਲਾਸ਼ 18 ਮਹੀਨਿਆਂ ਬਾਅਦ ਬਰਾਮਦ ਕੀਤੀ ਗਈ ਸੀ।

ਜਾਂਚ ਤੋਂ ਬਾਅਦ ਸਨਮ ਦੇ ਮਾਤਾ-ਪਿਤਾ ਅਤੇ ਕੁਝ ਰਿਸ਼ਤੇਦਾਰਾਂ ਖਿਲਾਫ ਆਨਰ ਕਿਲਿੰਗ ਦਾ ਮਾਮਲਾ ਦਰਜ ਕੀਤਾ ਗਿਆ ਸੀ। ਸਨਮ ਦੀ ਮਾਂ ਪਾਕਿਸਤਾਨ ਵਿੱਚ ਕਿਤੇ ਲੁਕੀ ਹੋਈ ਹੈ। ਗੈਰਹਾਜ਼ਰ ਰਹਿਣ ਦੇ ਬਾਵਜੂਦ ਉਸ ਨੂੰ ਸਜ਼ਾ ਸੁਣਾਈ ਗਈ ਹੈ। ਪਿਤਾ ਜੇਲ੍ਹ ਵਿਚ ਹੈ।

ਸਨਮ ਅੱਬਾਸ ਦਾ ਪਰਿਵਾਰ 2016 ਵਿੱਚ ਪਾਕਿਸਤਾਨ ਤੋਂ ਨੋਵੇਲੇਰਾ, ਇਟਲੀ ਵਿਚ ਸਿਫ਼ਟ ਹੋ ਗਿਆ। ਜਾਣਕਾਰੀ ਮੁਤਾਬਕ ਸਨਮ ਇੱਥੇ ਇੱਕ ਸਕੂਲ ਵਿਚ ਪੜ੍ਹਦੀ ਸੀ। ਉਹ ਅਪ੍ਰੈਲ 2021 ਵਿਚ ਅਚਾਨਕ ਗਾਇਬ ਹੋ ਗਈ ਸੀ। ਇਟਲੀ ਵਰਗੇ ਛੋਟੇ ਅਤੇ ਕਾਨੂੰਨ ਨੂੰ ਪਿਆਰ ਕਰਨ ਵਾਲੇ ਦੇਸ਼ ਵਿਚ ਇਹ ਕੋਈ ਆਮ ਗੱਲ ਨਹੀਂ ਸੀ। ਇਸ ਲਈ ਇਸ ਨੂੰ ਮੀਡੀਆ ਵਿਚ ਕਾਫੀ ਕਵਰੇਜ ਮਿਲੀ।

ਸਨਮ ਦੇ ਲਾਪਤਾ ਹੋਣ ਤੋਂ ਪਹਿਲਾਂ ਉਸ ਦੀ ਇੱਕ ਫੋਟੋ ਵਾਇਰਲ ਹੋਈ ਸੀ। ਇਸ 'ਚ ਉਹ ਇਕ ਲੜਕੇ ਨਾਲ ਨਜ਼ਰ ਆ ਰਹੀ ਸੀ। ਸਨਮ ਦੇ ਲਾਪਤਾ ਹੋਣ ਤੋਂ ਬਾਅਦ ਇਟਲੀ ਦੀ ‘ਯੂਨੀਅਨ ਆਫ ਇਸਲਾਮਿਕ ਕਮਿਊਨਿਟੀਜ਼’ ਨੇ ਫਤਵਾ ਜਾਰੀ ਕੀਤਾ ਸੀ। ਇਸ ਵਿਚ ਕਿਹਾ ਗਿਆ ਸੀ ਕਿ ਜਬਰੀ ਵਿਆਹ ਨੂੰ ਗੈਰ-ਕਾਨੂੰਨੀ ਮੰਨਿਆ ਜਾਣਾ ਚਾਹੀਦਾ ਹੈ।


ਜਦੋਂ ਇਟਾਲੀਅਨ ਪੁਲਿਸ ਸਨਮ ਦੀ ਭਾਲ ਕਰ ਰਹੀ ਸੀ ਤਾਂ ਉਨ੍ਹਾਂ ਨੇ ਇੱਕ ਸੀਸੀਟੀਵੀ ਫੁਟੇਜ ਹਾਸਿਲ ਕੀਤੀ। ਇਸ 'ਚ ਤਿੰਨ ਲੋਕ ਬੈਗ ਲੈ ਕੇ ਜਾਂਦੇ ਨਜ਼ਰ ਆਏ। ਇੱਕ ਕੋਲ ਜ਼ਮੀਨ ਪੁੱਟਣ ਲਈ ਇੱਕ ਬੇਲਚਾ ਵੀ ਸੀ। ਜਦੋਂ ਇਸੇ ਇਲਾਕੇ ਦੀ ਕੁਝ ਹੋਰ ਫੁਟੇਜ ਤਲਾਸ਼ੀ ਗਈ ਤਾਂ 29 ਅਪ੍ਰੈਲ 2021 ਦੀ ਫੁਟੇਜ ਵੀ ਮਿਲੀ। ਇਸ ਫੁਟੇਜ 'ਚ ਸਨਮ ਅਤੇ ਉਸ ਦੇ ਪਰਿਵਾਰਕ ਮੈਂਬਰ ਇਕੱਠੇ ਨਜ਼ਰ ਆ ਰਹੇ ਸਨ। ਇਹ ਇੱਕ ਦਿਨ ਦੇ ਫੁਟੇਜ ਸਨ।

# ਲੋਕ ਸਭਾ ਵਿਚ ਤਿੰਨ ਅਪਰਾਧਿਕ ਕਾਨੂੰਨਾਂ ਨੂੰ ਬਦਲਣ ਲਈ ਸਰਕਾਰ ਵੱਲੋਂ ਲਿਆਂਦੇ ਬਿੱਲਾਂ ਨੂੰ ਮਨਜ਼ੂਰੀ

## ਅਮਿਤ ਸ਼ਾਹ ਨੇ ਕਿਹਾ: 'ਮੌਬ ਲਿੰਚਿੰਗ' ਲਈ ਮੌਤ ਦੀ ਸਜ਼ਾ ਦੀ ਵਿਵਸਥਾ

ਨਵੀਂ ਦਿੱਲੀ, 20 ਦਸੰਬਰ (ਪੋਸਟ ਬਿਊਰੋ): ਲੋਕ ਸਭਾ ਵਿਚ ਬਸਤੀਵਾਦੀ ਯੁੱਗ ਤੋਂ ਚੱਲ ਰਹੇ ਤਿੰਨ ਅਪਰਾਧਿਕ ਕਾਨੂੰਨਾਂ ਨੂੰ ਬਦਲਣ ਲਈ ਸਰਕਾਰ ਵੱਲੋਂ ਲਿਆਂਦੇ ਬਿੱਲਾਂ ਨੂੰ ਮਨਜ਼ੂਰੀ ਦਿੱਤੀ। ਲੰਬੀ ਚਰਚਾ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਜਵਾਬ ਤੋਂ ਬਾਅਦ ਸਦਨ ਨੇ ਭਾਰਤੀ ਨਿਆਏ ਸਹਿੰਤਾ (ਬੀਐੱਨਐੱਸ) ਬਿੱਲ, 2023, ਭਾਰਤੀ ਨਿਆਏ ਸੁਰਕਸ਼ਾ ਸਹਿੰਤਾ (ਬੀਐੱਨਐੱਸਐੱਸ) ਬਿੱਲ, 2023 ਅਤੇ ਭਾਰਤੀ ਸਾਕਸ਼ਯ (ਸਬੂਤ) ਬਿੱਲ 2023 ਨੂੰ ਪਾਸ ਕਰ ਦਿੱਤਾ। ਇਹ ਤਿੰਨ ਬਿੱਲ ਭਾਰਤੀ ਦੰਡਾਵਲੀ (ਆਈਪੀਸੀ), 1860, ਕੋਡ ਆਫ਼ ਕ੍ਰਿਮੀਨਲ ਪ੍ਰੋਸੀਜ਼ਰ (ਸੀਆਰਪੀਸੀ), 1898 ਅਤੇ ਭਾਰਤੀ ਸਬੂਤ ਐਕਟ 1872 ਨੂੰ ਬਦਲਣ ਲਈ ਲਿਆਂਦੇ ਗਏ ਹਨ।

ਅਮਿਤ ਸ਼ਾਹ ਨੇ ਬੁੱਧਵਾਰ ਨੂੰ ਲੋਕ ਸਭਾ ਵਿਚ ਅਪਰਾਧ ਨਿਆਂ ਪ੍ਰਣਾਲੀ ਨਾਲ ਜੁੜੇ ਤਿੰਨ ਨਵੇਂ ਬਿੱਲਾਂ 'ਤੇ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਅਪਰਾਧ ਨਿਆਂ ਪ੍ਰਣਾਲੀ ਨਾਲ ਜੁੜੇ ਤਿੰਨਾਂ ਕਾਨੂੰਨਾਂ ਦਾ ਮਨੁੱਖੀਕਰਨ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗੁਲਾਮੀ ਦੇ ਨਿਸ਼ਾਨ ਮਿਟਾ ਰਹੇ ਹਨ। ਮੋਦੀ ਸਰਕਾਰ ਜੋ ਕਹਿੰਦੀ ਹੈ, ਉਹ ਕਰਦੀ ਹੈ। ਸ਼ਾਹ ਮੁਤਾਬਕ ਨਵੇਂ ਕਾਨੂੰਨ ਵਿਅਕਤੀ ਦੀ ਆਜ਼ਾਦੀ, ਮਨੁੱਖ ਦੇ ਅਧਿਕਾਰ ਅਤੇ ਸਾਰਿਆਂ ਨਾਲ ਬਰਾਬਰ ਵਿਵਹਾਰ ਦੇ 3 ਸਿਧਾਂਤਾਂ ਦੇ ਅਧਾਰ 'ਤੇ ਬਣਾਏ ਜਾ ਰਹੇ ਹਨ। ਗ੍ਰਹਿ ਮੰਤਰੀ ਸ਼ਾਹ ਨੇ ਲੋਕ ਸਭਾ ਵਿਚ ਕਿਹਾ ਕਿ ਨਵੇਂ ਕਾਨੂੰਨਾਂ 'ਚ ਔਰਤਾਂ ਅਤੇ ਬੱਚਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਨੂੰਨਾਂ ਨੂੰ ਤਰਜੀਹ ਦਿੱਤੀ ਗਈ ਹੈ। ਜਿਸ ਤੋਂ ਬਾਅਦ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਕਾਨੂੰਨ ਅਤੇ ਦੇਸ਼ ਦੀ ਸੁਰੱਖਿਆ ਨਾਲ ਸਬੰਧਤ ਕਾਨੂੰਨ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਨਾਲ ਸਬੰਧਤ ਕਾਨੂੰਨ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਜ਼ਾ ਕੇਂਦਰਿਤ ਨਹੀਂ, ਨਿਆਂ ਕੇਂਦਰਿਤ ਸਿਸਟਮ ਦੇਵਾਂਗੇ।



ਸ਼ਾਹ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਲਾਲ ਕਿਲ੍ਹੇ ਦੀ ਪ੍ਰਾਚੀਰ ਤੋਂ ਬਸਤੀਵਾਦੀ ਕਾਨੂੰਨਾਂ ਤੋਂ ਮੁਕਤੀ ਦੀ ਗੱਲ ਆਖੀ ਸੀ, ਉਸ ਦੇ ਤਹਿਤ ਗ੍ਰਹਿ ਮੰਤਰਾਲਾ ਨੇ ਅਪਰਾਧਕ ਕਾਨੂੰਨਾਂ ਵਿਚ ਬਦਲਾਅ ਲਈ ਡੂੰਘਾਈ ਨਾਲ ਵਿਚਾਰ ਕੀਤਾ ਹੈ। ਮੈਂ ਤਿੰਨੋਂ ਬਿੱਲਾਂ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਹੈ ਅਤੇ ਉਨ੍ਹਾਂ ਦਾ ਖਰੜਾ ਤਿਆਰ ਕਰਨ ਤੋਂ ਪਹਿਲਾਂ 158 ਸਲਾਹ-ਮਸ਼ਵਰੇ ਸੈਸ਼ਨਾਂ ਵਿਚ ਹਿੱਸਾ ਲਿਆ ਹੈ। ਮੌਬ ਲਿੰਚਿੰਗ (ਭੀੜ ਵਲੋਂ ਕੁੱਟਮਾਰ) ਨਫ਼ਤਰ ਅਪਰਾਧ ਹੈ ਅਤੇ ਨਵੇਂ ਕਾਨੂੰਨ ਵਿਚ ਇਸ ਅਪਰਾਧ 'ਚ ਫਾਂਸੀ ਦੀ ਸਜ਼ਾ ਦੀ ਵਿਵਸਥਾ ਹੈ।

# ਮੰਤਰੀ ਮਮਤਾ ਬੈਨਰਜੀ ਨੇ ਕੇਂਦਰੀ ਫੰਡ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 20 ਦਸੰਬਰ (ਪੋਸਟ ਬਿਊਰੋ): ਪੱਛਮੀ ਬੰਗਾਲ ਦੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੂਬੇ ਦੇ ਬਕਾਇਆ ਪਏ ਕੇਂਦਰੀ ਫੰਡ ’ਤੇ ਚਰਚਾ ਕਰਨ ਲਈ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਮੁੱਖ ਮੰਤੀਰ ਮੁਤਾਬਕ ਪ੍ਰਧਾਨ ਮੰਤਰੀ ਨੇ ਪ੍ਰਸਤਾਵ ਦਿੱਤਾ ਕਿ ਸੂਬੇ ਅਤੇ ਕੇਂਦਰ ਦੇ ਅਧਿਕਾਰੀ ਇਕੱਠੇ ਬੈਠ ਕੇ ਮੁੱਦਿਆਂ ਨੂੰ ਹੱਲ ਕਰ ਸਕਦੇ ਹਨ। ਬੈਨਰਜੀ ਨੇ ਪਾਰਟੀ ਦੇ 9 ਸੰਸਦ ਮੈਂਬਰਾਂ ਨਾਲ ਸੰਸਦ ਕੰਪਲੈਕਸ ਵਿਚ ਪ੍ਰਧਾਨ ਮੰਤਰੀ ਨਾਲ ਬੈਠਕ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ ਕਿ ਕੇਂਦਰ ਦੀਆਂ 155 ਟੀਮਾਂ ਪਹਿਲਾਂ ਹੀ ਪੱਛਮੀ ਬੰਗਾਲ ਦਾ ਦੌਰਾ ਕਰ ਚੁੱਕੀਆਂ ਹਨ। ਮੁਲਾਕਾਤ ਦੌਰਾਨ ਉਨ੍ਹਾਂ ਨੇ ਸੂਬੇ ਲਈ ਬਕਾਇਆ ‘ਮਨਰੇਗਾ’ ਫੰਡ ਬਾਰੇ ਕਿਹਾ ਕਿ ਸੰਵਿਧਾਨ ਦੇ ਤਹਿਤ ਮਜ਼ਦੂਰਾਂ ਨੂੰ ਭੁਗਤਾਨ ਕਰਨਾ ਲਾਜ਼ਮੀ ਹੈ। ਬੈਨਰਜੀ ਨੇ ਕਿਹਾ ਕਿ ਸਾਨੂੰ ਸਾਲ 2022-23 ਦੇ ਬਜਟ ਵਿਚ ‘ਮਨਰੇਗਾ’ ਦੇ ਤਹਿਤ 100 ਦਿਨਾਂ ਵਿਚ ਕੰਮ ਲਈ ਇਕ ਪੈਸਾ ਵੀ ਨਹੀਂ ਮਿਲਿਆ। ਪ੍ਰਧਾਨ ਮੰਤਰੀ ਰਿਹਾਇਸ਼ ਯੋਜਨਾ ਲਈ ਮਿਲਣਵਾਲੀ ਧਨ ਰਾਸ਼ੀ ਰੋਕ ਦਿੱਤੀ ਗਈ ਹੈ, ਗ੍ਰਾਮੀਣ ਵਿਕਾਸ ਯੋਜਨਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਸਿਹਤ ਮੁਹਿੰਮ ਪ੍ਰੋਗਰਾਮ ਵੀ ਬੰਦ ਕਰ ਦਿੱਤਾ ਗਿਆ ਹੈ। ਸਾਨੂੰ ਵਿੱਤ ਕਮਿਸ਼ਨ ਦੇ ਤਹਿਤ ਵੀ ਰਾਸ਼ੀ ਨਹੀਂ ਮਿਲ ਰਹੀ ਹੈ।



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY | ACCOUNTING | INCORPORATION | BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

# ਸ਼ਮੀ ਸਮੇਤ 26 ਖਿਡਾਰੀਆਂ ਨੂੰ ਅਰਜੁਨ ਐਵਾਰਡ, ਦੋ ਨੂੰ ਮਿਲੇਗਾ ਖੇਡ ਰਤਨ




ਨਵੀਂ ਦਿੱਲੀ, 20 ਦਸੰਬਰ (ਪੋਸਟ ਬਿਊਰੋ): ਖੇਡ ਮੰਤਰਾਲੇ ਨੇ ਇਸ ਸਾਲ ਮਿਲਣ ਵਾਲੇ ਖੇਡ ਪੁਰਸਕਾਰਾਂ ਲਈ ਖਿਡਾਰੀਆਂ ਅਤੇ ਅਥਲੀਟਾਂ ਦੇ ਨਾਵਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਦੌਰਾਨ ਇਕ ਰੋਜ਼ਾ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਵਿਕਟਾਂ ਲੈਣ ਵਾਲੇ ਭਾਰਤੀ ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਨੂੰ ਅਰਜੁਨ ਐਵਾਰਡ ਦਿੱਤਾ ਜਾਵੇਗਾ। ਭਾਰਤ ਦੀ ਸਟਾਰ ਬੈਡਮਿੰਟਨ ਜੋੜੀ ਚਿਰਾਗ ਸ਼ੈਟੀ ਅਤੇ ਸਾਤਵਿਕਸਾਈਰਾਜ ਰੰਕੀਰੈਡੀ ਨੂੰ ਖੇਡ ਰਤਨ ਐਵਾਰਡ ਮਿਲੇਗਾ। ਖੇਡ ਮੰਤਰਾਲੇ ਨੇ ਬੁੱਧਵਾਰ ਨੂੰ ਖੇਡ ਪੁਰਸਕਾਰ 2023 ਦਾ ਐਲਾਨ ਕੀਤਾ। ਇਸ ਵਾਰ ਕੁੱਲ 29 ਖਿਡਾਰੀਆਂ ਨੂੰ ਖੇਡ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਦੋ ਖਿਡਾਰੀਆਂ ਨੂੰ ਖੇਡ ਰਤਨ ਐਵਾਰਡ ਅਤੇ 27 ਅਥਲੀਟਾਂ ਨੂੰ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਇਨ੍ਹਾਂ ਸਾਰੇ ਅਥਲੀਟਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ ’ਤੇ ਇਹ ਪੁਰਸਕਾਰ ਦਿੱਤੇ ਜਾਣਗੇ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੂੰ ਕੀਤਾ ਫੋਨ, ਮਿਮਿਕ੍ਰੀ ’ਤੇ ਜਤਾਇਆ ਦੁੱਖ



ਨਵੀਂ ਦਿੱਲੀ, 20 ਦਸੰਬਰ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਮੈਂਬਰਾਂ ਵੱਲੋਂ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੀ ਨਕਲ ਕਰਨ ਦੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਉਪ ਰਾਸ਼ਟਰਪਤੀ ਨੇ ਸੋਸ਼ਲ ਮੀਡੀਆ 'ਐਕਸ' 'ਤੇ ਪੋਸਟ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਟੈਲੀਫੋਨ ਆਇਆ ਸੀ। ਉਨ੍ਹਾਂ ਕੱਲ੍ਹ ਸੰਸਦ ਕੰਪਲੈਕਸ 'ਚ ਕੁਝ ਸੰਸਦ ਮੈਂਬਰਾਂ ਦੀਆਂ ਘਿਨਾਉਣੀਆਂ ਹਰਕਤਾਂ ’ਤੇ ਡੂੰਘਾ ਦੁੱਖ ਪ੍ਰਗਟ ਕੀਤਾ।

ਉਪ ਰਾਸ਼ਟਰਪਤੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਮੈਨੂੰ ਦੱਸਿਆ ਕਿ ਉਹ ਪਿਛਲੇ ਵੀਹ ਸਾਲਾਂ ਤੋਂ ਇਸ ਤਰ੍ਹਾਂ ਦੇ ਅਪਮਾਨ ਸਹਿ ਰਹੇ ਹਨ, ਪਰ ਇਹ ਤੱਥ ਕਿ ਭਾਰਤ ਦੇ ਉਪ ਰਾਸ਼ਟਰਪਤੀ ਵਰਗੇ ਸੰਵਿਧਾਨਕ ਅਹੁਦੇ ਦੇ ਨਾਲ ਤੇ ਉਹ ਵੀ ਸੰਸਦ ਵਿੱਚ ਅਜਿਹਾ ਹੋ ਸਕਦਾ ਹੈ, ਮੰਦਭਾਗਾ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਪ੍ਰਧਾਨ ਮੰਤਰੀ, ਕੁਝ ਲੋਕਾਂ ਦੀਆਂ ਹਰਕਤਾਂ ਮੈਨੂੰ ਰੋਕ ਨਹੀਂ ਸਕਣਗੀਆਂ। ਮੈਂ ਆਪਣਾ ਫਰਜ਼ ਨਿਭਾਅ ਰਿਹਾ ਹਾਂ ਤੇ ਸਾਡੇ ਸੰਵਿਧਾਨ 'ਚ ਦਰਜ ਸਿਧਾਂਤਾਂ ਨੂੰ ਬਰਕਰਾਰ ਰੱਖ ਰਿਹਾ ਹਾਂ। ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਉਨ੍ਹਾਂ ਕਦਰਾਂ-ਕੀਮਤਾਂ ਲਈ ਵਚਨਬੱਧ ਹਾਂ। ਕੋਈ ਵੀ ਅਪਮਾਨ ਮੇਰਾ ਰਸਤਾ ਨਹੀਂ ਬਦਲ ਸਕਦਾ। ਦੱਸ ਦੇਈਏ ਕਿ ਬੀਤੇ ਦਿਨੀਂ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਕਲਿਆਣ ਬੈਨਰਜੀ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਦੀ ਨਕਲ ਕੀਤੀ ਸੀ।

# ਨਵੀਂ ਵੰਦੇ ਭਾਰਤ ਐਕਸਪ੍ਰੈਸ ਨੂੰ ਜਲੰਧਰ ਵਿੱਚ ਸਟਾਪੇਜ ਦਿਵਾਉਣ ਲਈ ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਰੇਲ ਮੰਤਰੀ ਨਾਲ ਕੀਤੀ ਮੁਲਾਕਾਤ

## ਕਿਹਾ- ਸੂਬੇ ਦੇ ਪ੍ਰਮੁੱਖ ਉਦਯੋਗਿਕ ਸ਼ਹਿਰ ਅਤੇ ਐਨ.ਆਰ.ਆਈ ਹੱਬ ਨੂੰ ਮਿਲਣਾ ਚਾਹੀਦਾ ਹੈ ਸਟਾਪੇਜ



ਜਲੰਧਰ, 20 ਦਸੰਬਰ (ਗਿਆਨ ਸਿੰਘ): ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਮਿਲ ਕੇ 30 ਦਸੰਬਰ ਤੋਂ ਸ਼ੁਰੂ ਹੋਣ ਵਾਲੀ ਨਵੀਂ ਦਿੱਲੀ ਅੰਮ੍ਰਿਤਸਰ ਵੰਦੇ ਭਾਰਤ ਐਕਸਪ੍ਰੈਸ ਟਰੇਨ ਨੂੰ ਜਲੰਧਰ ਵਿੱਚ ਸਟਾਪੇਜ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜਲੰਧਰ ਸੂਬੇ ਦਾ ਪ੍ਰਮੁੱਖ ਉਦਯੋਗਿਕ ਸ਼ਹਿਰ ਹੋਣ ਦੇ ਨਾਲ-ਨਾਲ ਐਨ.ਆਰ.ਆਈ ਹੱਬ ਵੀ ਹੈ। ਜਲੰਧਰ ਵਿਖੇ ਇਸ ਰੇਲਗੱਡੀ ਦੇ ਰੁਕਣ ਨਾਲ ਉੱਦਮੀਆਂ, ਕਾਰੋਬਾਰੀਆਂ ਅਤੇ ਐਨ.ਆਰ.ਆਈ ਨੂੰ ਬਹੁਤ ਫਾਇਦਾ ਹੋਵੇਗਾ ਜਿਨ੍ਹਾਂ ਨੂੰ ਜਲੰਧਰ ਅਤੇ ਨਵੀਂ ਦਿੱਲੀ ਵਿਚਕਾਰ ਇਸ ਹਾਈ ਸਪੀਡ ਟਰੇਨ ਵਿੱਚ ਸਫ਼ਰ ਕਰਨ ਦਾ ਮੌਕਾ ਮਿਲੇਗਾ। ਰਿੰਕੂ ਨੇ ਕਿਹਾ ਕਿ ਜੇਕਰ ਵੰਦੇ ਭਾਰਤ ਲੁਧਿਆਣਾ ਅਤੇ ਅੰਬਾਲਾ ਦੇ ਸਟੇਸ਼ਨਾਂ 'ਤੇ ਸਟਾਪੇਜ ਹੈ ਤਾਂ ਜਲੰਧਰ 'ਤੇ ਵੀ ਸਟਾਪੇਜ ਜ਼ਰੂਰ ਹੋਣਾ ਚਾਹੀਦਾ ਹੈ। ਇਸ ਨਾਲ ਨਾ ਸਿਰਫ ਰੇਲਵੇ ਨੂੰ ਫਾਇਦਾ ਹੋਵੇਗਾ ਸਗੋਂ ਲੋਕਾਂ ਦਾ ਕੀਮਤੀ ਸਮਾਂ ਵੀ ਬਚੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਨਵੀਂ ਦਿੱਲੀ ਤੋਂ ਕਟੜਾ ਤੱਕ ਚੱਲਣ ਵਾਲੀ ਵੰਦੇ ਭਾਰਤ ਐਕਸਪ੍ਰੈਸ ਨੂੰ ਵੀ ਜਲੰਧਰ ਵਿੱਚ ਸਟਾਪੇਜ ਨਹੀਂ ਦਿੱਤਾ ਗਿਆ ਜਿਸ ਕਾਰਨ ਇੱਥੋਂ ਦੇ ਲੋਕ ਨਿਰਾਸ਼ ਹਨ। ਇਸ ਲਈ ਹੁਣ ਜਲੰਧਰ ਨੂੰ ਨਵੀਂ ਦਿੱਲੀ-ਅੰਮ੍ਰਿਤਸਰ ਵੰਦੇ ਭਾਰਤ ਐਕਸਪ੍ਰੈਸ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਸੰਸਦ ਮੈਂਬਰ ਰਿੰਕੂ ਨੇ ਰੇਲ ਮੰਤਰੀ ਨੂੰ ਦੱਸਿਆ ਕਿ ਜਲੰਧਰ ਪੰਜਾਬ ਦਾ ਵੱਡਾ ਸਟੇਸ਼ਨ ਹੈ। ਇਸ ਸਟੇਸ਼ਨ 'ਤੇ ਰੋਜ਼ਾਨਾ ਹਜ਼ਾਰਾਂ ਯਾਤਰੀ ਆਉਂਦੇ ਹਨ। ਵੰਦੇ ਭਾਰਤ ਦਾ ਸਭ ਤੋਂ ਵੱਧ ਲਾਭ ਵਪਾਰਿਆਂ ਨੂੰ ਹੋਵੇਗਾ ਜਿਨ੍ਹਾਂ ਲਈ ਸਮਾਂ ਬਹੁਤ ਕੀਮਤੀ ਹੈ। ਜੇਕਰ ਟਰੇਨ ਜਲੰਧਰ 'ਚ ਰੁਕਦੀ ਹੈ ਤਾਂ ਰੇਲਵੇ ਦਾ ਮਾਲੀਆ ਵੀ ਵਧੇਗਾ। ਉਮੀਦ ਹੈ ਕਿ ਉਸ ਦੀ ਮੰਗ ਜਲਦੀ ਪੂਰੀ ਹੋ ਜਾਵੇਗੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁਟ 4”, ਬੀ.ਏ ਪਾਸ, ਹੇਅਰ ਐਂਡ ਸਕਿੰਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664












# ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਬੁਨਿਆਦ

-ਵਿਜੈ ਗਰਗ

ਕੰਪਿਊਟਰ ਪ੍ਰਣਾਲੀਆਂ ਦਾ ਪ੍ਰਭਾਵ ਸਮਾਜ ਦੀ ਵਿਗਿਆਨਕ ਵਿਕਾਸ ਪ੍ਰਕਿਰਿਆ ਵਿੱਚ ਇੱਕ ਕ੍ਰਾਂਤੀਕਾਰੀ ਪੜਾਅ ਰਿਹਾ ਹੈ। ਇਸੇ ਸਿਲਸਿਲੇ ਵਿੱਚ ਸਮਾਜ ਵਿੱਚ ਇੰਟਰਨੈੱਟ ਦਾ ਪ੍ਰਭਾਵ ਆਇਆ, ਜਿਸ ਨੇ ਵੱਖ-ਵੱਖ ਵੈੱਬਸਾਈਟਾਂ, ਐਪਾਂ ਆਦਿ ਰਾਹੀਂ ਲੋਕਾਂ ਨੂੰ ਜੋੜਨ ਦਾ ਬੇਮਿਸਾਲ ਕੰਮ ਕੀਤਾ। ਇਸ ਦਾ ਅਗਲਾ ਕ੍ਰਾਂਤੀਕਾਰੀ ਪੜਾਅ ਸਮਾਰਟਫ਼ੋਨ ਰਾਹੀਂ ਲੋਕਾਂ ਦੀਆਂ ਹਥੇਲੀਆਂ ਤੱਕ ਪਹੁੰਚਣਾ ਇੰਟਰਨੈੱਟ ਹੈ। ਇਸ ਸਰਗਰਮੀ ਦੇ ਉਪ-ਉਤਪਾਦ ਵਜੋਂ, ਨਕਲੀ ਬੁੱਧੀ ਇੱਕ ਸਮਾਜਿਕ ਮੌਜੂਦਗੀ ਬਣ ਗਈ ਹੈ। ਨਿੱਜੀ ਡੇਟਾ ਦੇ ਮੁਫਤ ਸ਼ੋਸ਼ਣ 'ਤੇ ਅਧਾਰਤ ਗਲੋਬਲਡਿਜੀਟਲ ਕੰਪਨੀਆਂ ਆਪਣੇ ਵਿਸਥਾਰ ਵਿੱਚ ਰੁੱਝੀਆਂ ਹੋਈਆਂ ਹਨ, ਪਰ ਇਸ ਡੇਟਾ ਦੇ ਨਾਲ, ਹੋਰ ਕੰਪਨੀਆਂ ਵੀ ਮੁਨਾਫਾ ਕਮਾਉਣ ਦੇ ਉੱਦਮ ਕਰ ਰਹੀਆਂ ਹਨ. ਮਾਰਕੀਟਿੰਗ ਕੰਪਨੀਆਂ ਨੇ ਇਸ ਨੂੰ ਆਪਣਾ ਮੁੱਖ ਸਾਧਨ ਬਣਾ ਲਿਆ ਹੈ। ਇਨ੍ਹਾਂ ਸਭ ਵਿਚ ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਪਹਿਲਾਂ ਇਹ ਸਾਰੀਆਂ ਸ੍ਰੈਨਾਨਿਗਨ ਟੈਲੀਵਿਜ਼ਨ ਸਕਰੀਨਾਂ, ਅਖ਼ਬਾਰਾਂ ਦੇ ਪੰਨਿਆਂ, ਰੇਲਵੇ ਬੱਸ ਸਟੇਸ਼ਨਾਂ ਦੀਆਂ ਕੰਧਾਂ 'ਤੇ ਦਿਖਾਈ ਦਿੰਦੀਆਂ ਸਨ, ਜਿਨ੍ਹਾਂ ਤੱਕ ਪਹੁੰਚਣ ਲਈ ਮਾਰਕੀਟ ਨੂੰ ਕਿਸੇ ਰੈਗੂਲੇਟਰੀ ਵਿਧੀ ਜਾਂ ਹੋਰ ਸਮਾਜਿਕ ਦਬਾਅ ਵਿਚੋਂ ਲੰਘਣਾ ਪੈਂਦਾ ਸੀ, ਪਰ ਮੌਜੂਦਾ ਡਿਜੀਟਲ. ਮੀਡੀਆ ਬ੍ਰਹਿਮੰਡ ਵਿੱਚ ਇਸਦੀ ਕਵਰੇਜ ਲਈ ਕੋਈ ਅਜਿਹਾ ਪ੍ਰਭਾਵੀ ਰੈਗੂਲੇਟਰ ਨਹੀਂ ਬਣਾਇਆ ਗਿਆ ਹੈ। ਇੱਥੇ ਸਭ ਕੁਝ ਇੰਨਾ ਗਤੀਸ਼ੀਲ ਹੈ ਕਿ ਇਸਨੂੰ ਕੰਟਰੋਲ ਕਰਨਾ ਆਸਾਨ ਨਹੀਂ ਹੈ। ਦੂਜੇ ਪਾਸੇ, ਭਾਰਤ ਵਿੱਚ, ਸੂਚਨਾਵਾਂ ਦੀ ਖਪਤ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ, ਇਸਦੇ ਬਾਵਜੂਦ ਇਹ ਝੂਠੀ, ਸ਼ਰਾਰਤੀ ਅਤੇ ਗੁੰਮਰਾਹਕੁੰਨ ਹੈ। ਦੂਜੇ ਪਾਸੇ, ਮਾਰਕੀਟ ਨੇ ਹੁਣ ਆਪਣੇ ਉਤਪਾਦਾਂ ਦੇ ਵਿਸਤਾਰ ਲਈ ਮਾਈਕ੍ਰੋ ਪਲਾਨਿੰਗ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਡਿਜੀਟਲ ਮੀਡੀਆ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਸੁਮੇਲ ਨਾਲ, ਮਾਰਕੀਟ ਲਈ ਲੋਕਾਂ ਦੇ ਹੱਥਾਂ ਦੀ ਹਥੇਲੀ ਤੋਂ ਪਰੇ ਪਹੁੰਚਣਾ ਅਤੇ ਉਨ੍ਹਾਂ ਦੀਆਂ ਰੁਚੀਆਂ ਦੇ ਆਧਾਰ 'ਤੇ ਉਨ੍ਹਾਂ ਦੇ ਮਨਾਂ ਤੱਕ ਪਹੁੰਚਣਾ ਬਹੁਤ ਆਸਾਨ ਹੋ ਗਿਆ ਹੈ। ਡਿਜੀਟਲ ਮਾਧਿਅਮ ਨਾਲ ਸਮਾਜ ਜੋ ਨਜ਼ਦੀਕੀ ਬਣ ਗਿਆ ਹੈ, ਉਹ ਮਾਰਕੀਟ ਦਾ ਇੱਕ ਨਵਾਂ ਭੁਲੇਖਾ ਹੈ, ਜੋ ਕਿਖਪਤਕਾਰ ਇਸ ਨੂੰ ਬਹੁਤ ਆਸਾਨੀ ਨਾਲ ਸਵੀਕਾਰ ਕਰਦਾ ਹੈ। ਜੇਕਰ ਇਸ ਖਿੜਕੀ ਤੋਂ ਕੰਪਿਊਟਰ ਨੈੱਟਵਰਕ ਨੂੰ ਦੇਖਿਆ ਜਾਵੇ ਤਾਂ ਇਹ ਸਵਾਲ ਪੈਦਾ ਹੋਣਾ ਸੁਭਾਵਿਕ ਹੈ ਕਿ ਕੀ ਇਹ ਸਮਾਜ 'ਤੇ ਬੋਝ ਬਣ ਗਿਆ ਹੈ? ਕਿਉਂਕਿ ਇਹ ਹੁਣ ਸਹੀ ਜਾਣਕਾਰੀ ਨਹੀਂ ਰਹੀ ਸਗੋਂ ਸਿਆਸੀ ਉਲਝਣ ਦਾ ਸਾਧਨ ਵੀ ਬਣ ਰਹੀ ਹੈ। ਹਾਲ ਹੀ 'ਚ ਹੋਈ 'ਡੀਪ ਫੇਕ' ਘਟਨਾ 'ਚ ਇਕ ਅਭਿਨੇਤਰੀ ਦਾ ਵੀਡੀਓ ਇਸ ਦਾ ਸਬੂਤ ਹੈ। ਅਜਿਹੀ ਸਥਿਤੀ ਵਿੱਚ ਸਵਾਲ ਇਹ ਹੈ ਕਿ ਕੀ ਇਸ ਸਭ ਲਈ ਕੰਪਿਊਟਰ ਸਿਸਟਮ ਜਾਂ ਇਸ ਦੇ ਡਿਜੀਟਲ ਉਤਪਾਦ ਜ਼ੰਮੇਵਾਰ ਹਨ? ਸ਼ਾਇਦ ਨਹੀਂ, ਕਿਉਂਕਿ ਅੱਜਕੱਲ੍ਹ ਡਿਜੀਟਲ ਮੀਡੀਆ ਵਿੱਚ ਆਉਣ ਵਾਲੀਆਂ ਸਾਰੀਆਂ ਵਿਗਾੜਾਂ ਅਸਲ ਵਿੱਚ ਸਾਡੀਆਂ ਆਪਣੀਆਂ ਵਿਗਾੜਾਂ ਦੇ ਭੰਡਾਰ ਹਨ। ਇੱਕ ਸਮਾਜ ਦੇਇਸ ਰੂਪ ਵਿਚ ਅਸੀਂ ਜੋ ਕੁਝ ਵੀ ਕਰ ਰਹੇ ਹਾਂ, ਉਥੇ ਇਕੱਠਾ ਹੋ ਰਿਹਾ ਹੈ।

ਇਸ ਸਮੁੱਚੀ ਪ੍ਰਕਿਰਿਆ ਵਿੱਚ, ਇਹ ਨਹੀਂ ਭੁੱਲਣਾ ਚਾਹੀਦਾ ਕਿ ਡਿਜੀਟਲ ਮੀਡੀਆ ਨੇ ਕਈ ਸਕਾਰ-ਾਤਮਕ ਤਬਦੀਲੀਆਂ ਨੂੰ ਬਚਾਇਆ ਹੈ ਅਤੇ ਸਮਰਥਨ ਕੀਤਾ ਹੈ, ਜਿਸ ਕਾਰਨ ਸਮਾਜ ਨੇ ਤਰੱਕੀ ਕੀਤੀ ਹੈ ਅਤੇ ਪਾਰ-ਦਰਸ਼ਤਾ ਵੀ ਵਧੀ ਹੈ। ਸਗੋਂ ਇਹ ਵੀ ਮੰਨ ਲੈਣਾ ਚਾਹੀਦਾ ਹੈ ਕਿ ਸਮਾਜ ਵੀ ਉਸੇ ਤੂਫ਼ਾਨ ਵਿੱਚੋਂ ਲੰਘ ਕੇ ਪਰਿਪੱਕ ਹੋ ਰਿਹਾ ਹੈ। ਪਰ ਜੇਕਰ ਡਿਜੀਟਲ ਮੀਡੀਆ ਨੇ ਲੋਕਾਂ ਦੇ ਦਰਦ ਨੂੰ ਆਵਾਜ਼ ਦਿੱਤੀ ਹੈ, ਤਾਂ ਇਸ ਨੇ ਉਨ੍ਹਾਂ ਦੀ ਚੀਕ-ਚਿਹਾੜਾ ਅਤੇ ਰੌਲਾ-ਰੱਪਾ ਨੂੰ ਵੀ ਆਵਾਜ਼ ਦਿੱਤੀ ਹੈ। ਵਿਅਕਤੀਗਤਤਾ ਅਤੇ ਸਮਾਜਿਕਤਾ ਵਿੱਚ ਫਰਕ ਕਰਨਾ ਸਾਡੀ ਜ਼ੰਮੇਵਾਰੀ ਹੈ। ਅਸੀਂਫੁਸਫੁਸੀਆਂ ਨੂੰ ਦਰਦ ਦੇ ਬਰਾਬਰ ਸਮਝਿਆ ਜਾ ਰਿਹਾ ਹੈ ਅਤੇ ਇੰਟਰਨੈੱਟ 'ਤੇ ਪਰੋਸਿਆ ਜਾ ਰਿਹਾ ਹੈ। ਜਦੋਂ ਤੱਕ ਅਸੀਂ ਇੱਥੇ ਪਹੁੰਚਦੇ ਹਾਂ, ਹਰ ਚੀਜ਼ ਜੋ 'ਕੰਪਿਊਟਿੰਗ' ਵਰਗੇ ਖੇਤਰ ਵਿੱਚ ਨਿਯੰਤ੍ਰਿਤ ਅਤੇ ਸੰਗਠਿਤ ਹੈ, ਵਿਆਪਕ ਗੈਰ-ਵਿ-ਗਿਆਨਕਤਾ ਅਤੇ ਅਰਾਜਕਤਾ ਦੀ ਪਨਾਹ ਬਣ ਗਈ ਹੈ। ਇਸ ਵਿੱਚ ਬਾਜ਼ਾਰ ਆਪਣਾ ਮੁਨਾਫਾ ਕਮਾਉਂਦਾ ਹੈ। ਇਸ ਕ੍ਰਮ ਵਿੱਚ, ਤਿੰਨ-ਅਯਾਮੀ ਅਰਥਾਤ 3ਡੀ ਪ੍ਰਿੰਟਿੰਗ ਤਕਨਾਲੋਜੀ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਨਿਰਮਾਣ ਦੇ ਖੇਤਰ ਵਿੱਚ ਇੱਕ ਬੁਨਿਆਦੀ ਤਬਦੀਲੀ ਦੀ ਸ਼ੁਰੂਆਤ ਕਰ ਸਕਦੀ ਹੈ। ਜ਼ਾਹਿਰ ਹੈ ਕਿ ਇਸ ਨਾਲ ਲਾਗਤ ਅਤੇ ਸਮਾਂ ਦੋਵੇਂ ਘਟਣਗੇ। ਘੱਟੋ-ਘੱਟ ਜੋਖਮ ਦੇ ਨਾਲ ਦੂਰ-ਦੁਰਾਡੇ ਅਤੇ ਪਹੁੰਚਯੋਗ ਸਥਾਨਾਂ 'ਤੇ ਨਿਰਮਾਣ ਦਾ ਕੰਮਐਮ ਨਾਲ ਪੂਰਾ ਕੀਤਾ ਜਾ ਸਕਦਾ ਹੈ। ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਲ-ਨਾਲ ਇਹ ਤਕਨੀਕ ਛੋਟੇ ਅਤੇ ਕਾਟੇਜ ਉਦਯੋਗਾਂ ਨੂੰ ਨਵਾਂ ਰੂਪ ਦੇ ਸਕਦੀ ਹੈ। ਇੱਕ ਉੱਲੀ ਤੋਂ ਵੱਡੇ ਪੱਧਰ 'ਤੇ ਉਤਪਾਦਨ ਕਰਨ ਲਈ ਉਦਯੋਗਾਂ ਦੀ ਪ੍ਰਵਿਰਤੀ 'ਤੇ ਮੁੜ ਵਿਚਾਰ ਕਰਨ ਲਈ ਖਪਤਕਾਰਾਂ ਦਾ ਦਬਾਅ ਵਧੇਗਾ। ਅਜਿਹੀ ਸਥਿਤੀ ਵਿੱਚ, ਨਕਲੀ ਬੁੱਧੀ ਆਧਾਰਿਤ 3-ਡੀ ਪ੍ਰਿੰਟਿੰਗ ਨਵੀਂ ਉਦਯੋਗਿਕ ਕ੍ਰਾਂਤੀ ਦਾ ਆਧਾਰ ਬਣਨ ਦੀ ਪੂਰੀ ਸੰਭਾਵਨਾ ਹੈ। ਦੀ ਟੈਕਨਾਲੋਜੀ ਅਤੇ ਇਨੋਵੇਸ਼ਨ ਰਿਪੋਰਟ 2023 ਦੱਸਦੀ ਹੈ ਕਿ 3-ਡੀ ਪ੍ਰਿੰਟਿੰਗ ਮਾਰਕੀਟ ਤੇਜ਼ੀ ਨਾਲ ਵਧ ਰਹੀ ਹੈ। ਵਿਸ਼ਵ ਪੱਧਰ 'ਤੇ ਇਸ ਦੀ ਕੀਮਤ 2020 ਵਿਚ ਬਾਰਾਂ ਅਰਬ ਡਾਲਰ ਹੋਵੇਗੀ।ਜਿਸ ਦੇ 2030 ਤੱਕ ਵਧ ਕੇ 51 ਬਿਲੀਅਨ ਡਾਲਰ ਹੋਣ ਦੀ ਉਮੀਦ ਸੀ। ਨਾਲ ਹੀ, ਕੁੱਲ ਮਿਲਾ ਕੇ ਇਹ ਉਦਯੋਗ ਤੀਹ ਤੋਂ ਪੰਜਾਹ ਲੱਖ ਨਵੀਆਂ ਹੁਨਰਮੰਦ ਨੌਕਰੀਆਂ ਪੈਦਾ ਕਰੇਗਾ। ਇਸ ਲੜੀ ਵਿੱਚ, ਸਹਾਇਕ ਨੌਕਰੀਆਂ ਦੀ ਮੰਗ ਵੀ ਤੇਜ਼ੀ ਨਾਲ ਵੱਧ ਰਹੀ ਹੈ, ਕਿਉਂਕਿ ਉਦਯੋਗ ਨੂੰ ਸੇਲਜ਼, ਮਾਰਕੀਟਿੰਗ ਅਤੇ ਹੋਰ ਮਾਹਰਾਂ ਦੇ ਨਾਲ-ਨਾਲ ਇੰਜੀਨੀਅਰਾਂ, ਸਾਫਟਵੇਅਰ ਡਿਵੈਲਪਰਾਂ, ਸਮੱਗਰੀ ਵਿਗਿਆਨੀਆਂ ਦੀ ਲੋੜ ਹੋਵੇਗੀ। ਅੱਜ, ਲਗਭਗ ਹਰ ਉਦਯੋਗ ਦੇ ਵਿਕਾਸ ਅਤੇ ਆਟੋਮੇਸ਼ਨ ਵਿੱਚ ਨਕਲੀ ਬੁੱਧੀ ਦੀ ਵਪਾਰਕ ਸ਼ਮੂਲੀਅਤ ਦੇਖੀ ਜਾ ਸਕਦੀ ਹੈ। ਇਸ ਲਈ, ਦੇਸ਼ ਵਿੱਚ ਇਸਦੇ ਪ੍ਰਚਲਨ ਦੇ ਅੰਕੜਿਆਂ ਦਾ ਸਹੀ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ, ਪਰਫਰਵਰੀ ਵਿੱਚ, ਨਾਸਕਾਮ ਦੇ ਹਵਾਲੇ ਨਾਲ, ਸਰਕਾਰ ਨੇ ਸੰਸਦ ਨੂੰ ਦੱਸਿਆ ਕਿ ਨਕਲੀ ਬੁੱਧੀ ਭਾਰਤ ਵਿੱਚ ਲਗਭਗ 4,16,000 ਪੇਸ਼ੇਵਰਾਂ ਲਈ ਰੁਜ਼ਗਾਰ ਪੈਦਾ ਕਰਨ ਦੀ ਉਮੀਦ ਹੈ।

ਇਸ ਤੋਂ ਇਲਾਵਾ, ਆਰਟੀਫੀਸ਼ੀਅਲ ਇੰਟੈਲੀਜੈਂਸ ਤੋਂ 2035 ਤੱਕ ਭਾਰਤੀ ਅਰਥਵਿਵਸਥਾ ਵਿੱਚ 957 ਬਿਲੀਅਨ ਡਾਲਰ ਦਾ ਵਾਧੂ ਯੋਗਦਾਨ ਪਾਉਣ ਦੀ ਉਮੀਦ ਹੈ। ਇਸ ਦੇ ਮੌਜੂਦਾ ਗਲੋਬਲ ਮਾਰਕਿਟ ਵਿੱਚ, 2020 ਦੇ ਮੁਕਾਬਲੇ 2021 ਵਿੱਚ ਨਿੱਜੀ ਨਿਵੇਸ਼ 103 ਪ੍ਰਤੀਸ਼ਤ ਵਧ ਕੇ 96.5 ਬਿਲੀਅਨ ਡਾਲਰ ਹੋ ਗਿਆ ਹੈ। ਇਕੱਲੇ ਅਮਰੀਕਾ ਵਿੱਚ, ਉਦਯੋਗਾਂ ਅਤੇ ਕਾਰੋਬਾਰਾਂ ਵਿੱਚ ਨਕਲੀ ਬੁੱਧੀ-ਅਧਾਰਤ ਹੁਨਰਮੰਦ ਲੋਕਾਂ ਦੀ ਮੰਗ ਤੇਜ਼ੀ ਨਾਲ ਵਧੀ ਹੈ ਅਤੇ 2010 ਅਤੇ 2019 ਦੇ ਵਿਚਕਾਰਅਜਿਹੇ ਲੋਕਾਂ ਦੀ ਮੰਗ ਦਸ ਗੁਣਾ ਵੱਧ ਗਈ। ਉਂਜ, ਭਾਰਤੀ ਸੰਦਰਭ ਵਿੱਚ ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ, ਕਿਉਂਕਿ ਇਨ੍ਹਾਂ ਹਾਲਤਾਂ ਵਿੱਚ ਹੁਨਰਮੰਦ ਕਾਮਿਆਂ ਦੀ ਲੋੜ ਤਾਂ ਬਣੀ ਹੀ ਰਹੇਗੀ, ਪਰ ਅਕੁਸ਼ਲ ਕਾਮਿਆਂ ਦੇ ਰੁਜ਼ਗਾਰ ਲਈ ਸੰਘਰਸ਼ ਵਧੇਗਾ। ਮਾਧਿਅਮ ਵਜੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਨਕਾਰਾਤਮਕ ਵਰਤੋਂ ਵੀ ਸਮਾਨਾਂਤਰ ਚੱਲ ਰਹੀ ਹੈ। 3-ਡੀ ਪ੍ਰਿੰਟਿੰਗ ਟੈਕਨਾਲੋਜੀ ਦੀ ਮਦਦ ਨਾਲ, ਅਸੀਂ ਫੋਰੈਂਸਿਕ ਸਬੂਤ ਤਿਆਰ ਕਰ ਸਕਦੇ ਹਾਂ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਤੱਥਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ। ਇਸ ਨਾਲ ਅਪਰਾਧ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ, ਪਰ ਇਨ੍ਹਾਂ ਸਾਧਨਾਂ ਰਾਹੀਂ ਹੀਇਨ੍ਹਾਂ ਵਹਿਸ਼ੀ ਅਪਰਾਧਾਂ ਨੂੰ ਵੀ ਹੁਲਾਰਾ ਮਿਲ ਰਿਹਾ ਹੈ। ਸੈਂਸਰ ਆਧਾਰਿਤ ਡਰੋਨਾਂ ਰਾਹੀਂ ਮਰੀਜ਼ ਤੱਕ ਦਵਾਈਆਂ ਤੇਜ਼ੀ ਨਾਲ ਪਹੁੰਚਾਈਆਂ ਜਾ ਰਹੀਆਂ ਹਨ ਪਰ ਅਜਿਹੇ ਡਰੋਨਾਂ ਰਾਹੀਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅੱਜ ਇੱਕ ਚੁਣੌਤੀ ਬਣ ਕੇ ਸਾਹਮਣੇ ਆਈ ਹੈ। ਦੂਜੇ ਪਾਸੇ, ਇਹ ਸੋਚਣ ਦਾ ਵੀ ਸਮਾਂ ਹੈ ਕਿ ਸਾਡੀ ਆਪਣੀ ਡਿਜੀਟਲ ਮੌਜੂਦਗੀ ਤੋਂ ਪ੍ਰਾਪਤ ਡੇਟਾ ਇਨ੍ਹਾਂ ਖੋਜਾਂ ਦੇ ਵਿਕਾਸ ਵਿੱਚ ਸਹਾਇਤਾ ਕਰਨ ਵਾਲੀ 'ਮਸ਼ੀਨ ਲਰਨਿੰਗ' ਵਿੱਚ ਕੇਂਦਰੀ ਭੂਮਿਕਾ ਨਿਭਾ ਰਿਹਾ ਹੈ, ਪਰ ਅਸੀਂ ਜਾਂ ਤਾਂ ਇਨ੍ਹਾਂ ਸਾਰੀਆਂ ਪ੍ਰਕਿਰਿਆਵਾਂ ਤੋਂ ਪੂਰੀ ਤਰ੍ਹਾਂ ਅਣਜਾਣ ਹਾਂ ਜਾਂ ਅਣਜਾਣ ਹਾਂ। ਕੁਝ ਵੀ ਕਰਨ ਵਿੱਚ ਅਸਮਰੱਥ ਡਿਜੀਟਲ ਸੰਸਾਰ ਲਗਾਤਾਰ ਬਦਲ ਰਿਹਾ ਹੈ, ਪਰ ਇਸਦੇਅੱਜ ਵੀ ਰੈਗੂਲੇਸ਼ਨ ਦਾ ਕੰਮ ਸਾਲ 2000 ਵਿੱਚ ਬਣੇ ਨਿਯਮਾਂ ਅਨੁਸਾਰ ਚੱਲ ਰਿਹਾ ਸੀ। ਹਾਲਾਂਕਿ, ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, 2023 ਹੁਣੇ ਹੀ ਪਾਸ ਹੋਇਆ ਹੈ, ਜਿਸ ਵਿੱਚ ਇੱਕ ਭਾਰਤੀ ਡੇਟਾ ਸੁਰੱਖਿਆ ਬੋਰਡ ਬਣਾਉਣ ਦੀ ਗੱਲ ਕੀਤੀ ਗਈ ਹੈ। ਸਮਾਂ ਹੀ ਦੱਸੇਗਾ ਕਿ ਇਹ ਬੋਰਡ ਭਾਰਤੀ ਡਿਜੀਟਲ ਡੇਟਾ ਨੂੰ ਕਿਵੇਂ ਪ੍ਰੋਸੈਸ ਕਰਦਾ ਹੈ ਅਤੇ ਇਸਦੀ ਗੋਪਨੀਯਤਾ ਦੀ ਰੱਖਿਆ ਕਰਦਾ ਹੈ। ਪਰ ਇਹ ਵਿਚਾਰਨ ਯੋਗ ਹੈ ਕਿ ਨਕਲੀ ਬੁੱਧੀ ਦੇ ਕਾਰਨ ਤੇਜ਼ੀ ਨਾਲ ਬਣ ਰਹੇ ਬਾਜ਼ਾਰ ਵਿੱਚ ਸਾਡੀ ਬੁਨਿਆਦੀ ਭਾਗੀਦਾਰੀ ਕਿਸ ਰੂਪ ਵਿੱਚ ਹੋ ਰਹੀ ਹੈ, ਤਾਂ ਜੋ ਦੁਨੀਆ ਵਿੱਚ ਸਭ ਤੋਂ ਵੱਧ ਆਬਾਦੀ ਅਤੇ ਸਭ ਤੋਂ ਵੱਧ ਇੰਟਰਨੈਟ ਡੇਟਾ ਦੀ ਖਪਤ ਵਾਲੇ ਦੇਸ਼ ਵਜੋਂ ਸਾਡੀ ਭੂਮਿਕਾ ਸੀਮਤ ਨਾ ਹੋਵੇ। ਸਿਰਫ਼ ਕਿਰਤ ਜਾਂ ਰੁਜ਼ਗਾਰ ਲਈ।ਖਰੀਦਦਾਰਾਂ ਤੱਕ ਸੀਮਿਤ ਨਹੀਂ ਹੋਣਾ ਚਾਹੀਦਾ ਹੈ. ਜੇਕਰ ਅੱਜ ਇਨ੍ਹਾਂ ਉਪਾਵਾਂ ਨੂੰ ਤੇਜ਼ੀ ਨਾਲ ਲਾਗੂ ਨਹੀਂ ਕੀਤਾ ਗਿਆ, ਤਾਂ ਇਹ ਨਾ ਤਾਂ ਸਮੇਂ ਦੇ ਨਾਲ ਨਿਆਂ ਹੋਵੇਗਾ ਅਤੇ ਨਾ ਹੀ ਸਾਡੀਆਂ ਸਮਰੱਥਾਵਾਂ ਦੀ ਵੱਖਰੀ ਵਿਸ਼ਵ ਮਾਨਤਾ ਹੋਵੇਗੀ।







# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਇਕ ਝਾਤ



-ਇੰਦਰ ਮੋਹਨ ਸਿੰਘ-

ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਦਿੱਲੀ ਸਿੱਖ ਗੁਰੂਦੁਆਰਾ ਐਕਟ, 1971 ਦੇ ਨਿਯਮਾਂ ਦੇ ਤਹਿਤ 28 ਅਪ੍ਰੈਲ,1975 ਨੂੰ ਹੋਇਆ ਸੀ, ਜਿਸ ਦਾ ਮੁੱਖ ਮਨੋਰਥ ਦਿੱਲੀ ਦੇ ਗੁਰੂਦੁਆਰਿਆਂ ਅਤੇ ਇਨ੍ਹਾਂ ਦੀ ਜਾਇਦਾਦਾਂ ਦੀ ਸੇਵਾ-ਸੰਭਾਲ ਕਰਨਾ ਹੈ। 150 ਕਰੋੜ੍ਹ ਤੋਂ ਵੱਧ ਦੱਸੀ ਜਾਂਦੀ ਸਾਲਾਨਾ ਆਮਦਨ ਵਾਲੀ ਦਿੱਲੀ ਕਮੇਟੀ ਮੋਜੂਦਾ ਸਮੇਂ ਦਿੱਲੀ ਦੇ ਇਤਹ-ਾਸਿਕ 'ਤੇ ਹੋਰਨਾਂ ਗੁਰਦੁਆਰਿਆਂ ਤੋਂ ਇਲਾਵਾ ਕਈ ਸਕੂਲਾਂ, ਕਾਲਜਾਂ, ਪੋਲੀਟੈਕਨਿਕ, ਇੰਨਜੀਨੀਰਿੰਗ 'ਤੇ ਪ੍ਰਬੰਧ ਸੰਸਥਾਨਾਂ, ਹਸਪਤਾਲਾਂ, ਡਿਸਪੈਸਰੀਆਂ 'ਤੇ ਬਜੁਰਗ ਘਰਾਂ ਦਾ ਪ੍ਰਬੰਧ ਕਰ ਰਹੀ ਹੈ। ਦਿੱਲੀ ਗੁਰਦੁ-ਆਰਾ ਕਮੇਟੀ ਦੀ ਮਿਆਦ 4 ਸਾਲ ਨਿਰਧਾਰਤ ਕੀਤੀ ਗਈ ਹੈ ਜਿਸ 'ਚ 46 ਵਾਰਡਾਂ ਤੋਂ ਚੁਣੇ ਮੈਂਬਰਾਂ ਤੋਂ ਇਲਾਵਾ 9 ਮੈਂਬਰ ਨਾਮਜਦ ਕੀਤੇ ਜਾਂਦੇ ਹਨ, ਜਿਸ 'ਚ ਸ੍ਰੀ ਅਕਾਲ ਤਖਤ ਸਹਿਤ ਚਾਰ ਤਖਤਾਂ ਦੇ ਜੱਥੇਦਾਰ ਸਾ-ਹਬਾਨ (ਇਹਨਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀ ਹੈ), ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦਾ ਇਕ ਨੁਮਾਇੰਦਾ, ਦਿੱਲੀ ਦੀ ਰਜਿਸਟਰਡ ਸਿੰਘ ਸਭਾ ਗੁਰਦੁਆਰਾ ਸਾਹਿਬਾਨਾਂ ਦੇ ਦੋ ਪ੍ਰਧਾਨ ਲਾਟਰੀ ਰਾਹੀ 'ਤੇ ਦੋ ਹੋਰਨਾਂ ਮੈਂਬਰਾਂ ਨੂੰ ਨਵੇਂ ਚੁਣੇ 46 ਮੈਂਬਰਾਂ ਦੀ ਵੋਟਾਂ ਰਾਹੀ ਸ਼ਾਮਿਲ ਕੀਤੇ ਜਾਂਦੇ ਹਨ।ਇਸ ਕਮੇਟੀ ਦੀਆਂ ਮੁੱਢਲੀਆਂ ਚੋਣਾਂ 30 ਮਾਰਚ 1975 ਨੂੰ ਹੋਈਆਂ ਸਨ 'ਤੇ ਪਹਿਲੀ ਕਮੇਟੀ 28 ਅਪ੍ਰੈਲ 1975 ਨੂੰ ਹੋਂਦ 'ਚ ਆਈ ਸੀ। ਇਸ ਤੋਂ ਉਪਰੰਤ 28 ਅਕਤੂਬਰ 1979, 9 ਜੁਲਾਈ 1995 (ਤਕਰੀਬਨ 16 ਸਾਲਾਂ ਬਾਅਦ), 30 ਜੂਨ 2002, 14 ਜਨਵਰੀ 2007, 27 ਜਨਵਰੀ 2013, 26 ਫਰਵਰੀ 2017 'ਤੇ ਬੀਤੀਆਂ ਚੋਣਾਂ 22 ਅਗਸਤ 2021 ਨੂੰ ਕਰਵਾਈਆਂ ਗਈਆਂ ਸਨ। ਕਿਉਂਕਿ ਬੀਤੀਆਂ ਕਾਰਜਕਾਰੀ ਚੋਣਾਂ 22 ਜਨਵਰੀ 2022 ਨੂੰ ਨੇਪਰੇ ਚੜ੍ਹੀਆਂ ਸਨ, ਇਸ ਲਈ ਨਿਯਮਾਂ ਮੁਤਾਬਿਕ ਆਗਾਮੀ ਕਾਰਜਕਾਰੀ ਚੋਣਾਂ ਜਨਵਰੀ 2024 'ਤੇ ਆਮ ਗੁਰਦੁਆਰਾ ਚੋਣਾਂ ਜਨਵਰੀ 2026 'ਚ ਹੋਣੀਆਂ ਹਨ। ਦੱਸਣਯੋਗ ਹੈ ਕਿ ਘਰ-ਘਰ ਜਾ ਕੇ ਨਵੀਆਂ ਵੋਟਰ ਸੂਚੀਆਂ ਤਕਰੀਬਨ 40 ਵਰੇ ਪਹਿਲਾਂ ਸਾਲ 1983 'ਚ ਬਣਾਈਆਂ ਗਈਆਂ ਸਨ 'ਤੇ ਇਸ ਤੋਂ ਉਪਰੰਤ ਹੁਣ ਤੱਕ ਸਾਰੀਆਂ ਚੋਣਾਂ ਇਹਨਾਂ ਪੁਰਾਣੀਆਂ ਵੋਟਰ ਸੂਚੀਆਂ 'ਚ ਸੋਧਾਂ ਕਰਕੇ ਕਰਵਾਈਆਂ ਗਈਆਂ ਹਨ। ਸਮੇਂ-ਸਮੇਂ 'ਤੇ ਕਾਬਿਜ ਰਹੇ ਕਮੇਟੀ ਦੇ ਪ੍ਰਬੰਧਕਾਂ ਨੇ ਆਪਣੀ ਸਹੂਲਤ ਮੁਤਾਬਿਕ ਗੁਰਦੁਆਰਾ ਨਿਯਮਾਂ 'ਚ ਕੁੱਝ ਸੋਧਾਂ ਤਾਂ ਕਰਵਾ ਲਈਆਂ, ਜਿਸ 'ਚ ਮੁੱਖ ਤੋਰ 'ਤੇ ਸਾਲ 1981 'ਚ ਸੋਧ ਕਰਵਾ ਕੇ ਕਮੇਟੀ ਦੇ ਅਹੁਦੇਦਾਰਾਂ ਲਈ ਘਟੋ-ਘੱਟ ਦਸਵੀ ਦੀ ਪੜ੍ਹਾਈ ਦੀ ਸ਼ਰਤ ਨੂੰ ਖਤਮ ਕਰਨਾ, ਸਾਲ 2002 'ਚ ਵੋਟਰਾਂ ਦੀ ਉਮਰ 21 ਸਾਲ ਤੋਂ ਘੱਟਾ ਕੇ 18 ਸਾਲ ਕਰਨਾ 'ਤੇ ਸਾਲ 2008 'ਚ ਦਿੱਲੀ ਕਮੇਟੀ ਦੇ ਕਾਰਜਕਾਰੀ ਬੋਰਡ ਦੀ ਮਿਆਦ ਨੂੰ ਇਕ ਸਾਲ ਤੋਂ ਵੱਧਾ ਕੇ ਦੋ ਸਾਲ ਕਰਨਾ ਸਾਮਿਲ ਹਨ। ਪਰੰਤੂ ਕਿਸੇ ਵੀ ਕਮੇਟੀ ਨੇ ਹਾਲੇ ਤੱਕ ਦਿੱਲੀ ਸਰਕਾਰ ਦੇ ਚੋਣ ਵਿਭਾਗ ਦੇ ਮੁਲਾਜਮਾਂ ਦੀ ਤਨਖਾਹ ਗੁਰੂ ਦੀ ਗੋਲਕ 'ਚੋਂ ਦੇਣ ਸਬੰਧੀ ਗੁਰਦੁ-ਆਰਾ ਐਕਟ ਦੀ ਧਾਰਾ 37 ਨੂੰ ਖਤਮ ਕਰਨ, ਤਖਤ ਦਮਦਮਾ ਸਾਹਿਬ, ਤਲਵੰਡੀ ਸਾਬੋ ਪੰਜਾਬ ਨੂੰ ਪੰਜਵੇ ਤਖਤ ਵਜੋਂ ਦਿੱਲੀ ਗੁਰਦੁਆਰਾ ਐਕਟ 'ਚ ਸ਼ਾਮਿਲ ਕਰਨ ਸੰਬਧੀ ਕੇਂਦਰ ਸਰਕਾਰ ਪਾਸ ਲੰਬਿਤ ਬਿਲ ਨੂੰ ਪਾਸ ਕਰਵਾਉਣ, ਨਵੀਆਂ ਵੋਟਰ ਸੂਚੀਆਂ 'ਤੇ ਵਾਰਡਾਂ ਦੀ ਹੱਦਬੰਦੀ ਨੂੰ ਦਰੁਸਤ ਕਰਨ ਸਬੰਧੀ ਕੋਈ ਸੰਜੀਦਾ ਉਪਰਾਲਾ ਨਹੀ ਕੀਤਾ ਹੈ।

ਮੋਜੂਦਾ ਦਿੱਲੀ ਗੁਰਦੁਆਰਾ ਕਮੇਟੀ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਧੜ੍ਹੇ ਦੇ 27 ਜੇਤੂ ਮੈਂਬਰਾਂ 'ਚੋਂ 25 ਮੈਂਬਰਾਂ ਤੋ ਇਲਾਵਾ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਰਨਾ ਗੁਟ ਦਾ 'ਤੇ ਭਾਈ ਰਣਜੀਤ ਸਿੰਘ ਦੀ ਪਾਰਟੀ ਦਾ ਇਕ-ਇਕ ਮੈਂਬਰ ਨਵੀ ਬਣੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ 'ਚ ਸ਼ਾਮਿਲ ਹੋ ਗਏ ਸਨ ਜਦਕਿ ਆਪਣੀ ਪਾਰਟੀ ਨੂੰ ਤਿਆਗ ਕੇ ਪਰਮਜੀਤ ਸਿੰਘ ਸਰਨਾ ਨੇ ਬਾਦਲ ਦਲ ਦੀ ਦਿੱਲੀ ਇਕਾਈ ਦੀ ਕਮਾਨ ਸੰਭਾਲਣ ਤੋਂ ਗੁਰੇਜ ਨਹੀ ਕੀਤਾ। ਹਾਲਾਂਕਿ ਸਿੰਘ ਸਭਾਵਾਂ ਦੇ 2 ਪ੍ਰਧਾਨਾਂ ਦੀ ਨਾਮਜਦਗੀ ਅਦਾਲਤ ਦੇ ਵਿਚਾਰਾਧੀਨ ਹੈ। ਇਹ ਹੈਰਾਨਕੁੰਨ ਸਮੀਕਰਨ ਆਉਣ ਵਾਲੀਆ ਕਾਰਜਕਾਰੀ ਚੋਣਾਂ 'ਚ ਹੋਰ ਬਦਲ ਸਕਦੇ ਹਨ। ਦੂਜੇ ਪਾਸੇ ਦਿੱਲੀ ਦੇ ਸਿੱਖ ਵੋਟਰਾਂ ਦੀ ਘਟ ਰਹੀ ਗਿਣਤੀ 'ਤੇ ਉਨ੍ਹਾਂ ਵਲੋਂ ਚੋਣਾਂ 'ਚ ਘਟਦੇ ਰੁਝਾਨ ਵੀ ਚਿੰਤਾ ਦਾ ਵਿਸ਼ਾ ਹਨ, ਕਿਉਂਕਿ ਸਾਲ 2021 'ਚ ਵੋਟਰ ਸੂਚੀਆਂ ਦੀ ਸੋਧ ਦੋਰਾਨ 92 ਹਜਾਰ ਵੋਟਰਾਂ ਦੇ ਨਾਉਂ ਵੋਟਰ ਸੂਚੀਆਂ ਤੋਂ ਹਟਾਏ ਗਏ ਹਨ, ਜਦਕਿ ਕੇਵਲ 48 ਹਜਾਰ ਨਵੇਂ ਸਿੱਖ ਵੋਟਰ ਸ਼ਾਮਿਲ ਕੀਤੇ ਗਏ ਹਨ। ਦੱਸਣਯੋਗ ਹੈ ਕਿ ਸਾਲ 2017 'ਚ 3 ਲੱਖ 86 ਹਜਾਰ ਸਿੱਖ ਵੋਟਰਾਂ 'ਚੋ 45 ਫੀਸਦੀ ਵੋਟਰਾਂ ਨੇ ਵੋਟਾਂ 'ਚ ਆਪਣਾ ਯੋਗਦਾਨ ਪਾਇਆ ਸੀ. ਜਦਕਿ ਸਾਲ 2021 'ਚ ਘਟ ਕੇ 3 ਲੱਖ 42 ਹਜਾਰ ਸਿੱਖ ਵੋਟਰ ਰਹਿ ਗਏ ਸਨ ਜਿਸ 'ਚ ਕੇਵਲ 37 ਫੀਸਦੀ ਵੋਟਰਾਂ ਨੇ ਆਪਣੇ ਚੋਣ ਹੱਕ ਦਾ ਇਸਤੇਮਾਲ ਕੀਤਾ ਸੀ। ਸਾਲ 2021 ਦੀ ਗੁਰੂਦੁਆਰਾ ਚੋਣਾਂ 'ਚ 7 ਪਾਰਟੀਆਂ ਨੂੰ ਰਾਖਵੇਂ ਚੋਣ ਨਿਸ਼ਾਨ ਦਿੱਤੇ ਗਏ ਸਨ ਹਾਲਾਂਕਿ ਇਕ ਪਾਰਟੀ ਨੇ ਆਪਣਾ ਕੋਈ ਉਮੀਦਵਾਰ ਚੋਣ ਮੈਦਾਨ 'ਚ ਨਹੀ ਉਤਾਰਿਆ ਸੀ, ਜਦਕਿ 22 ਚੋਣ ਨਿਸ਼ਾਨ ਆਜਾਦ ਉਮੀਦਵਾਰਾਂ ਲਈ ਰਖੇ ਗਏ ਸਨ। ਇਸ ਪ੍ਰਕਾਰ ਕੁਲ 312 ਉਮੀਦਵਾਰ ਚੋਣ ਮੈਦਾਨ 'ਚ ਸਨ ਜਿਨ੍ਹਾਂ 'ਚ 180 ਵੱਖ-ਵੱਖ ਪਾਰਟੀਆਂ ਦੇ ਉਮੀਦਵਾਰ ਅਤੇ 132 ਆਜਾਦ ਉਮੀਦਵਾਰ ਸ਼ਾਮਿਲ ਸਨ।

ਇੰਦਰ ਮੋਹਨ ਸਿੰਘ
ਸਾਬਕਾ ਮੈਂਬਰ, ਦਿੱਲੀ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ
ਮੋਬਾਇਲ: 9971564801

# ਖੇਤੀ ਚਣੌਤੀਆਂ, ਆਰਥਿਕਤਾ ਅਤੇ ਕਿਸਾਨ ਅੰਦੋਲਨ



-ਗੁਰਮੀਤ ਸਿੰਘ ਪਲਾਹੀ-

ਖੇਤੀ ਖੇਤਰ ਵਿੱਚ ਮੰਦੀ ਦਾ ਸਿੱਧਾ ਅਸਰ ਕਿਸਾਨਾਂ ਉਤੇ ਪੈਂਦਾ ਹੈ। ਜੇਕਰ ਖੇਤੀ ਖੇਤਰ ਦੀ ਵਿਕਾਸ ਦਰ 'ਚ ਮੰਦੀ ਆਏਗੀ ਤਾਂ ਕਿਸਾਨਾਂ ਦੀ ਆਮਦਨ 'ਚ ਕਮੀ ਆਏਗੀ। ਜਿਸ ਨਾਲ ਉਹਨਾ ਦੀ ਆਰਥਿਕ ਕਮਜ਼ੋਰੀ ਵਧਦੀ ਹੈ।

ਕਿਸਾਨਾਂ ਨੂੰ ਖਾਦ, ਖੇਤੀ ਸੰਦ ਖਰੀਦਣ ਸਮੇਤ ਖੇਤੀ 'ਤੇ ਹੁੰਦੇ ਹੋਰ ਖ਼ਰਚਿਆਂ 'ਤੇ ਨਿਰਭਰ ਹੋਣਾ ਪੈਂਦਾ ਹੈ। ਇਸ ਤੋਂ ਵੀ ਉਤੇ ਕਿਸਾਨਾਂ ਦੀ ਮੰਦੀ ਹਾਲਤ ਉਸ ਵੇਲੇ ਜ਼ਿਆਦਾ ਹੁੰਦੀ ਹੈ ਜਦੋਂ ਉਸਨੂੰ ਮੌਸਮ ਦੀ ਮਾਰ ਪੈਂਦੀ ਹੈ, ਫ਼ਸਲਾਂ ਦੀਆਂ ਕੀਮਤਾਂ ਉਤੇ-ਥੱਲੇ ਹੋ ਜਾਂਦੀਆਂ ਹਨ, ਸਿੱਟੇ ਵਜੋਂ ਕਰਜ਼ੇ ਦਾ ਚੱਕਰ ਹੋਰ ਡੂੰਘਾ ਹੁੰਦਾ ਜਾਂਦਾ ਹੈ।

ਕੇਂਦਰੀ ਵਿੱਤ ਵਜ਼ਾਰਤ ਤੋਂ ਲੋਕ ਸਭਾ ਸੈਸ਼ਨ 'ਚ ਜਦੋਂ ਕਿਸਾਨਾਂ ਦੇ ਕਰਜ਼ੇ ਦਾ ਜਵਾਬ ਕਿਸੇ ਮੈਂਬਰ ਨੇ ਮੰ-ਗਿਆ ਤਾਂ ਜਵਾਬ ਵਿੱਚ ਨਵਾਰਡ ਵਲੋਂ ਉਪਲੱਬਧ ਅੰਕੜੇ ਪੇਸ਼ ਕੀਤੇ ਗਏ। ਜਿਸ ਅਨੁਸਾਰ ਦੇਸ਼ ਦੀਆਂ ਸਾਰੀਆਂ ਤਰ੍ਹਾਂ ਦੀਆਂ ਬੈਂਕਾਂ ਦਾ ਲਗਭਗ 16 ਕਰੋੜ ਕਿਸਾਨਾਂ ਸਿਰ ਇੱਕੀ ਲੱਖ ਕਰੋੜ ਦਾ ਕਰਜ਼ਾ ਹੈ ਅਤੇ ਇਹਨਾ 16 ਕਰੋੜ ਕਿਸਾਨਾਂ ਉਤੇ ਇਸ ਕਰਜ਼ੇ ਨੂੰ ਜੇਕਰ ਵੰਡ ਦੇਈਏ ਤਾਂ ਪ੍ਰਤੀ ਕਿਸਾਨ ਕਰਜ਼ਾ 1.35 ਲੱਖ ਰੁਪਏ ਹੋ ਜਾਂਦਾ ਹੈ।

ਸੂਬਿਆਂ ਦੇ ਕਿਸਾਨਾਂ ਵਿਚੋਂ ਸਭ ਤੋਂ ਵੱਧ ਕਰਜ਼ਾਈ ਰਾਜਸਥਾਨ ਦੇ ਕਿਸਾਨ ਹਨ। ਉਥੋਂ ਦੇ 99.97 ਲੱਖ ਕਿਸਾਨਾਂ ਨੇ ਕਰਜ਼ਾ ਲਿਆ ਹੋਇਆ ਹੈ ਅਤੇ ਕਰਜ਼ੇ ਦੀ ਰਕਮ 1.47 ਲੱਖ ਕਰੋੜ ਤੋਂ ਵੀ ਵਧ ਹੈ। ਉਤਰ ਪ੍ਰਦੇਸ਼ ਦੇ ਕਿਸਾਨ ਵੀ ਘੱਟ ਨਹੀਂ। ਉਥੋਂ ਦੇ 1.51 ਕਰੋੜ ਕਿਸਾਨ ਬੈਂਕਾਂ ਤੋਂ 1.71 ਲੱਖ ਕਰੋੜ ਕਰਜ਼ਾ ਚੁੱਕੀ ਬੈਠੇ ਹਨ। ਗੁਜਰਾਤ ਦੇ 47.51 ਲੱਖ ਕਿਸਾਨਾਂ ਨੇ ਇੱਕ ਲੱਖ ਕਰੋੜ ਤੋਂ ਵਧ ਦਾ ਕਰਜ਼ਾ ਲਿਆ ਹੋਇਆ ਹੈ। ਪੰਜਾਬ, ਹਰਿਆਣਾ ਦੇ ਸੂਬੇ ਭਾਵੇਂ ਛੋਟੇ ਹਨ, ਪਰ ਇਥੋਂ ਦੇ 99 ਪ੍ਰਤੀਸ਼ਤ ਛੋਟੀ -ਵੱਡੀ ਖੇਤੀ ਕਰਨ ਵਾਲੇ ਕਿਸਾਨ ਕਰਜ਼ੇ ਦਾ ਸੰਤਾਪ ਭੋਗ ਰਹੇ ਹਨ।

ਕਿਸਾਨਾਂ ਦੀ ਖੇਤੀ ਖੇਤਰ ਅਤੇ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ 'ਚ ਵੱਡੀ ਭੂਮਿਕਾ ਹੈ, ਕਿਉਂਕਿ ਖੇਤੀ ਖੇਤਰ ਹੀ ਦੇਸ਼ ਦੀ ਵੱਡੀ ਆਬਾਦੀ ਦੀਆਂ ਖੁਰਾਕੀ ਜ਼ਰੂਰਤਾਂ ਪੂਰੀਆਂ ਕਰ ਸਕਦਾ ਹੈ ਅਤੇ ਉਹ ਦੇਸ਼ 'ਚ ਰੁਜ਼ਗਾਰ ਪੈਦਾ ਕਰਨ ਵਾਲਾ ਇੱਕ ਮਹੱਤਵਪੂਰਨ ਸਰੋਤ ਹੈ।

ਵਿਕਾਸ ਦਰ ਜਦੋਂ ਕਮਜ਼ੋਰ ਹੁੰਦੀ ਹੈ ਤਾਂ ਖੇਤੀ ਅਧਾਰਤ ਹੋਰ ਕੰਮਾਂ ਕਾਰਾਂ 'ਤੇ ਵੀ ਇਸਦਾ ਅਸਰ ਪੈਂਦਾ ਹੈ। ਕਿਸਾਨ ਬੇਰਜ਼ੁਗਾਰ ਹੁੰਦੇ ਹਨ ਜਾਂ ਖੇਤੀ ਮਜ਼ਦੂਰਾਂ ਨੂੰ ਘੱਟ ਕੰਮ ਮਿਲਦਾ ਹੈ। ਖੇਤੀ ਨਾਲ ਅਧਾਰਤ ਵਪਾਰ ਚੌਪਟ ਹੁੰਦਾ ਹੈ।

2004-05 ਵਿੱਚ ਖੇਤੀ, ਪਸ਼ੂ ਪਾਲਣ ਆਦਿ ਦਾ ਕੁਲ ਮਿਲਾਕੇ ਜੀਡੀਪੀ ਵਿੱਚ ਯੋਗਦਾਨ 21 ਫ਼ੀਸਦੀ ਸੀ। ਪਿਛਲੇ 18 ਸਾਲਾਂ ਵਿੱਚ ਘਟਕੇ ਇਹ 16 ਫੀਸਦੀ ਤੱਕ ਸਿਮਟ ਗਿਆ ਹੈ। ਪਰ ਖੇਤਾਂ ਵਿੱਚ ਕੰਮ ਕਰਾ ਰਹੇ ਕਾਮਿਆਂ ਦੀ ਸੰਖਿਆ ਨਹੀਂ ਘਟੀ। ਖੇਤੀ, ਦੇਸ਼ ਵਿੱਚ 55 ਫੀਸਦੀ ਕਾਮਿਆਂ ਨੂੰ ਕੰਮ ਦਿੰਦੀ ਹੈ। ਇਸ ਖੇਤਰ 'ਚ ਲਗਭਗ ਕੁੱਲ 26 ਕਰੋੜ ਲੋਕ ਕੰਮ ਕਰਦੇ ਹਨ। ਜਿਸਦਾ ਅਰਥ ਹੈ ਕਿ ਇਸ ਖੇਤਰ 'ਚ ਲਗਭਗ 55 ਤੋਂ 57 ਫੀਸਦੀ ਆਬਾਦੀ ਖੇਤੀ 'ਤੇ ਅਧਾਰਤ ਹੈ।ਪਰ ਇਸ ਸਰਕਾਰ ਦੀਆਂ ਨੀਤੀਆਂ ਕਾਰਨ ਖੇਤੀ, ਸੰਕਟ ਵਿੱਚ ਹੈ। ਕਿਸਾਨਾਂ ਦੇ ਹਾਲਾਤ ਨਿੱਤ ਵਿਗੜ ਰਹੇ ਹਨ। ਉਹਨਾ ਦੀ ਆਰਥਿਕ ਹਾਲਾਤ ਨਿੱਘਰ ਰਹੇ ਹਨ।

ਮੌਜੂਦਾ ਦੌਰ 'ਚ ਖੇਤੀ ਵੱਡੇ ਸੰਕਟ ਦਾ ਸ਼ਿਕਾਰ ਹੈ। ਕਿਸਾਨਾਂ ਦੀਆਂ ਫ਼ਸਲਾਂ ਦਾ ਭੰਡਾਰਨ ਢਾਂਚਾ ਕਮਜ਼ੋਰ ਹੈ। ਫ਼ਸਲਾਂ ਮੰਡੀਆਂ 'ਚ ਲੈਜਾਣ ਦੇ ਸਾਧਨ ਘੱਟ ਹਨ। ਕਿਸਾਨਾਂ ਦੀਆਂ ਫ਼ਸਲਾਂ ਦੇ ਸਥਾਨਕ ਵਪਾਰੀ, ਵਿਚੋਲੇ, ਆੜਤੀਏ ਪੂਰੇ ਤਰ੍ਹਾਂ ਸੋਸ਼ਣ ਕਰਦੇ ਹਨ। ਇਸ ਨਾਲ ਕਿਸਾਨਾਂ ਦਾ ਵੱਡਾ ਨੁਕਸਾਨ ਹੁੰਦਾ ਹੈ।

ਕਿਸਾਨ ਦੀ ਫ਼ਸਲ ਦਾ ਉਸਨੂੰ ਮੁੱਲ ਕਿਉਂ ਨਾ ਮਿਲੇ? ਉਸਦੀ ਜਿਸਮਾਨੀ ਮਿਹਨਤ ਉਹਦੇ ਪੱਲੇ ਕਿਉਂ ਨਾ ਪਵੇ? ਸਰਕਾਰਾਂ ਵਲੋਂ ਫ਼ਸਲਾਂ ਖਰੀਦਣ ਜਾਂ ਭੰਡਾਰਨ ਪ੍ਰਬੰਧ ਨਾ ਕਰਨਾ ਕਿਸਾਨਾਂ ਨਾਲ ਸਿੱਧਾ ਧੱਕਾ ਹੈ।

ਦੇਸ਼ 'ਚ ਖੇਤੀ ਖੇਤਰ ਨੂੰ ਕਦੇ ਵੀ ਸਰਕਾਰਾਂ ਵਲੋਂ ਸੰਜੀਦਾ ਧਿਆਨ ਨਹੀਂ ਦਿੱਤਾ ਗਿਆ ਸਗੋਂ ਅੰਤਰਰਾਸ਼ਟਰੀ ਪ੍ਰਭਾਵ 'ਚ ਕਿਸਾਨ ਅਤੇ ਖੇਤੀ ਮਾਰੂ ਨੀਤੀਆਂ ਘੜੀਆਂ ਗਈਆਂ। ਜੇਕਰ ਖੇਤੀ ਖੇਤਰ 'ਚ ਪੈਦਾ ਹੋ ਰਹੀਆਂ ਅਨਿਸ਼ਚਤਾਵਾਂ ਦੂਰ ਕਰਨ ਲਈ ਢੰਗ ਵਰਤੇ ਗਏ ਹੁੰਦੇ। ਸਾਂਝੀ ਖੇਤੀ ਦਾ ਸੰਕਲਪ ਦੇਸ਼ 'ਚ ਲਿਆਂਦਾ ਗਿਆ ਹੁੰਦਾ ਤਾਂ ਫਿਰ ਖੇਤੀ ਖੇਤਰ ਦੇਸ਼ ਦੀ ਜੀਡੀਪੀ ਦਾ ਮੁੱਖ ਅਧਾਰ ਬਣਿਆ ਹੁੰਦਾ। ਦੇਸ਼ ਦਾ ਕਿਸਾਨ ਵੀ ਸੌਖਾ ਹੁੰਦਾ ਅਤੇ ਦੇਸ਼ ਦੇ ਲੋਕਾਂ ਦੀ ਕਾਰਪੋਰੇਟ ਖੇਤਰ ਦੇ ਧੰਨ ਕੁਬੇਰਾਂ ਉਤੇ ਨਿਰਭਰਤਾ ਘੱਟ ਹੁੰਦੀ।

ਦੇਸ਼ ਦੇ ਖੇਤੀ ਖੇਤਰ 'ਚ ਬੇਅੰਤ ਚਣੌਤੀਆਂ ਹਨ। ਸਿੰਚਾਈ ਸੁਵਿਧਾਵਾਂ ਦੀ ਘਾਟ ਹੈ। ਖੇਤੀ ਦੀ ਲਾਗਤ ਅਤੇ ਉਤਪਾਦਨ 'ਚ ਵੱਡਾ ਅੰਤਰ ਹੈ। ਕਿਸਾਨਾਂ ਤੇ ਵਧ ਰਿਹਾ ਕਰਜ਼ਾ ਆਤਮ ਹੱਤਿਆਵਾਂ ਨੂੰ ਸੱਦਾ ਦੇ ਰਿਹਾ ਹੈ। ਜੇਕਰ ਭਾਰਤ ਵਰਗੇ ਦੇਸ਼ ਦੇ ਹਾਕਮ ਦੇਸ਼ ਦੀਆਂ ਆਰਥਿਕ ਜਟੱਲਤਾਵਾਂ ਨੂੰ ਸਮਝਣ ਲਈ ਯਤਨ ਨਹੀਂ ਕਰਨਗੇ। ਮਹੱਤਵਪੂਰਨ ਖੇਤੀ ਖੇਤਰ ਦੀਆਂ ਚਣੌਤੀਆਂ ਨੂੰ ਅੱਖੋ-ਪਰੋਖੇ ਕਰਕੇ ਤੁਰਨਗੇ ਤਾਂ ਦੇਸ਼ ਗਰੀਬੀ, ਭੁੱਖਮਰੀ, ਅਨਪੜ੍ਹਤਾ ਜਿਹੀਆਂ ਅਲਾਮਤਾਂ ਦਾ ਹੋਰ ਵੀ ਵਡੇਰਾ ਸ਼ਿਕਾਰ ਹੋ ਜਾਏਗਾ।

ਕਿਸਾਨਾਂ ਦੀ ਮੰਦੀ ਹਾਲਤ ਦੇ ਮੱਦੇਨਜ਼ਰ, ਪਿਛਲੇ ਸਾਲਾਂ 'ਚੋਂ ਵੱਡੇ ਦੇਸ਼ ਵਿਆਪੀ ਅੰਦੋਲਨ ਹੋਏ। ਸਾਲ 2020 ਵਿੱਚ ਪੰਜਾਬ ਤੋਂ ਉਠਿਆ ਕਿਸਾਨ ਅੰਦੋਲਨ ਵਿਸ਼ਵ ਵਿਆਪੀ ਇੱਕ ਛਾਪ ਛੱਡ ਗਿਆ। ਕਿਸਾਨ ਵਿਰੋਧੀ ਤਿੰਨ ਕਾਨੂੰਨ ਜੋ ਕਿਸਾਨਾਂ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੇ ਹਨ, ਉਸ ਵਿਰੁੱਧ ਅੰਦੋਲਨ ਛਿੜਿਆ ਅਤੇ ਦੇਸ਼ ਭਰ ਦੇ ਕਿਸਾਨ, ਖੇਤ ਮਜ਼ਦੂਰ, ਕਾਮੇ, ਬੁੱਧੀਜੀਵੀ, ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਅਤੇ ਲੋਕ ਮਾਰੂ ਨੀਤੀਆਂ ਦੇ ਵਿਰੋਧ 'ਚ ਖੜੇ ਹੋਏ। ਕਿਸਾਨਾਂ ਨੂੰ ਜਿੱਤ ਪ੍ਰਾਪਤ ਕੀਤੀ। ਮੰਗਾਂ ਸਨ ਕਾਲੇ ਖੇਤੀ ਕਾਨੂੰਨ ਵਾਪਿਸ ਹੋਣ, ਫ਼ਸਲਾਂ ਦੀ ਘੱਟੋ-ਘੱਟ ਮੁੱਲ ਨੀਅਤ ਹੋਵੇ। ਪਰ ਮੌਜੂਦਾ ਸਰਕਾਰ ਦੇ ਵੱਡੇ ਦਾਅਵਿਆਂ ਅਤੇ ਵਾਅਦਿਆਂ ਦੇ ਬਾਵਜੂਦ ਕਿਸਾਨਾਂ ਨੂੰ ਉਹਨਾ ਦੀ ਖੇਤੀ ਤੋਂ ਲਾਭਕਾਰੀ ਮੁੱਲ ਨਹੀਂ ਦਿੱਤਾ ਗਿਆ। ਇਥੋਂ ਤੱਕ ਕਿ ਉਹਨਾ ਦੀ ਮਿਹਨਤ ਦਾ ਮੁੱਲ ਵੀ ਨਹੀਂ ਮਿਲਦਾ। ਦੇਸ਼ 'ਚ ਹਾਲਾਤ ਇਹ ਹਨ ਕਿ ਖੇਤੀ ਖੇਤਰ ਦੀ ਵਿਕਾਸ ਦਰ 'ਚ ਨਿਰੰਤਰ ਮੰਦੀ, ਪਿਛਲੀਆਂ 18 ਤਿਮਾਹੀਆਂ 'ਚ ਸਭ ਤੋਂ ਨੀਵੇਂ ਪੱਧਰ ਉਤੇ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਪੂਰਾ ਇੱਕ ਸਾਲ ਕਿਸਾਨ ਅੰਦੋਲਨ ਚੱਲਿਆ। ਲੋਕ ਸੋਚਦੇ ਸਨ ਕਿ ਜਿਸ ਢੰਗ ਨਾਲ ਲੋਕਾਂ ਨੇ ਰਲ ਮਿਲਕੇ ਸਰਕਾਰ ਨੂੰ ਸਬਕ ਸਿਖਾਇਆ ਹੈ, ਸੁਚੇਤ ਹੋਕੇ ਲੋਕ ਧਰਮ ਅਧਾਰਤ ਰਾਜਨੀਤੀ 'ਚ ਬਦਲਾਅ ਆਏਗਾ। ਵਿਦਿਅਕ ਅਦਾਰਿਆਂ , ਸਿਵਲ ਸੁਸਾਇਟੀ ਵਿੱਚ, ਮੀਡੀਆ ਵਿੱਚ ਇਸ ਦੇ ਸਿੱਟਿਆਂ ਦੀ ਚਰਚਾ ਹੋਏਗੀ। ਇਹ ਅੰਦੋਲਨ ਅੱਗੋਂ ਕਿਸਾਨਾਂ ਦੀ ਦਰਦਸ਼ਾ ਦੂਰ ਕਰਨ ਦਾ ਸਾਧਨ ਬਣੇਗਾ। ਕਿਸਾਨਾਂ ਦੀ ਆਰਥਿਕਤਾ ਸੁਧਰੇਗੀ ਪਰ ਦੋ ਵਰ੍ਹਿਆਂ 'ਚ ਇਸ ਅੰਦੋਲਨ ਦਾ ਪ੍ਰਭਾਵ ਖੇਰੂ-ਖੇਰੂ ਹੋਇਆ ਦਿਸਦਾ ਹੈ। ਇੱਕ ਖਿਲਾਅ ਪੈਦਾ ਹੋ ਗਿਆ ਹੈ। ਕਿਸਾਨ ਜੱਥੇਬੰਦੀਆਂ ਦਾ ਏਕਾ ਕਿਧਰ ਗਿਆ? ਲੋਕਾਂ ਨੂੰ ਦਿੱਤੇ, ਦਿਖਾਏ ਸੁਪਨੇ ਜਿਵੇਂ ਬਿਖ਼ਰ ਹੀ ਗਏ।

ਕਿਸਾਨਾਂ, ਜਿਹਨਾ ਨੂੰ ਕੇਂਦਰ ਦੀ ਸਰਕਾਰ 'ਤੇ ਇਹ ਵਾਅਦਾ ਦੇਕੇ ਘਰਾਂ ਨੂੰ ਦਿੱਲੀ ਦੀਆਂ ਬਰੂਹਾਂ ਤੋਂ ਵਾਪਸ ਤੋਰਿਆ ਸੀ, ਉਹ ਵਾਅਦੇ ਵਫਾ ਨਾ ਹੋਏ, ਫ਼ਸਲਾਂ ਦੀ ਘੱਟੋ-ਘੱਟ ਕੀਮਤ ਕਦੇ ਵੀ ਨੀਅਤ ਨਾ ਹੋਈ। ਹੁਣ ਤਾਂ ਕੋਈ ਕਿਸਾਨਾਂ ਦੀ ਮੰਦੀ, ਭੈੜੀ ਹਾਲਾਤ ਉਤੇ ਕੀਰਨੇ ਵੀ ਨਹੀਂ ਪਾਉਂਦਾ। ਹੁਣ ਤਾਂ ਕਿਸਾਨਾਂ ਤੇ ਮਜ਼ਦੂਰਾਂ 'ਚ ਨਿਰਾਸ਼ਾ ਝਲਕਦੀ ਨਜ਼ਰ ਆਉਂਦੀ ਹੈ।

"ਸਿਆਸਤ ਗੈਰ-ਜ਼ਮਹੂਰੀ ਦਿਸ਼ਾ ਵੱਲ ਵਧ ਰਹੀ ਹੈ। ਲੋਕ ਸਮੂਹਾਂ ਤੋਂ ਸਿਆਸੀ ਚੇਤਨਤਾ ਖੋਹਕੇ ਉਹਨਾ ਦੇ ਮਨਾਂ ਵਿੱਚ ਧਾਰਮਿਕ ਕੱਟੜਤਾ ਤੇ ਸੌੜਾਪਨ ਭਰਿਆ ਜਾ ਰਿਹਾ ਹੈ" ਇੱਕ ਪ੍ਰਸਿੱਧ ਚਿੰਤਕ ਸਵਰਾਜਬੀਰ ਲਿਖਦਾ ਹੈ-" ਅਸਲ 'ਚ ਲੋਕਾਂ ਦੇ ਮਨਾਂ ਵਿੱਚ ਇਹ ਭਾਵਨਾ ਪੈਦਾ ਕਰਨ ਦਾ ਯਤਨ ਹੋ ਰਿਹਾ ਹੈ ਕਿ ਨਿੱਜੀ ਆਰਥਿਕ ਸੁਰੱਖਿਆ ਤੋਂ ਵੱਧ ਇਸ ਦੁਨੀਆ 'ਚ ਹੋਰ ਕੋਈ ਚੀਜ਼ ਨਹੀਂ ਹੈ।"

ਇਹ ਭਾਵਨਾ ਕਿਸਾਨ ਅੰਦੋਲਨ ਤੋਂ ਬਾਅਦ ਕਿਸਾਨ ਜੱਥੇਬੰਦੀਆਂ ਦੇ ਇੱਕ ਮੁੱਠ ਨਾ ਰਹਿ ਸਕਣ ਕਾਰਨ, ਅੰਦੋਲਨ ਦੇ ਪ੍ਰਾਪਤ ਨਤੀਜਿਆਂ 'ਚ ਅਸਫਲਤਾ ਤੋਂ ਬਾਅਦ ਹੋਰ ਵੀ ਪਕੇਰੀ ਹੋ ਗਈ ਹੈ। ਕਿਸਾਨ ਵੀ ਇਸਦਾ ਸ਼ਿਕਾਰ ਹੋਏ ਹਨ। ਉਹ ਕਿਸਾਨ ਜਿਹੜੇ ਦੇਸ਼ ਸੰਵਿਧਾਨ ਦੀ ਰਾਖੀ ਅਤੇ ਸੰਘੀ ਢਾਂਚੇ 'ਤੇ ਹੋ ਰਹੇ ਹਮਲਿਆਂ ਦੀ ਗੱਲ ਕਰਦੇ ਸਨ, ਦੇਸ਼ ਹਾਕਮਾਂ ਨੂੰ ਟਿੱਚ ਕਰਕੇ ਜਾਣਦੇ ਸਨ, ਦਿੱਲੀ ਹਕੂਮਤ ਨਾਲ ਟੱਕਰ ਲੈ ਕੇ ਪੂਰੇ ਜ਼ੋਸ਼ ਵਿੱਚ ਹੋ ਗਏ ਸਨ, ਸਮਾਂ ਬੀਤਣ ਬਾਅਦ ਇਕੱਲੇ-ਇਕੱਹਰੇ ਧੜਿਆਂ 'ਚ ਸਿਮਟਕੇ "ਹਾਕਮਾਂ ਦਾ ਮਨਾਂ ਦਾ ਡਰ" ਨਹੀਂ ਰਹਿ ਗਏ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਮਜ਼ਦੂਰਾਂ, ਕਿਸਾਨਾਂ ਦਾ ਵੱਡਾ ਹਿੱਸਾ ਅਸੰਗਠਿਤ ਹੈ। ਉਹਨਾ ਵਿੱਚ ਸਿਆਸੀ ਚੇਤਨਤਾ ਦੀ ਘਾਟ ਹੈ। ਬਹੁਤੇ ਆਪਣੀਆਂ ਮੰਗਾਂ ਅਤੇ ਹੱਕ ਪ੍ਰਤੀ ਸੁਚੇਤ ਨਹੀਂ ਹਨ। ਮੌਜੂਦਾ ਸਰਕਾਰ ਛੋਟੇ-ਛੋਟੇ ਫਾਇਦੇ ਦੇ ਕੇ ਉਹਨਾ ਨੂੰ ਉਹਨਾ ਦੇ ਅਸਲ ਮੁੱਦਿਆਂ ਤੋਂ ਭਟਕਾ ਰਹੀ ਹੈ।

ਲੋੜ ਇਸ ਵੇਲੇ ਲੋਕ-ਪੱਖੀ ਸਿਆਸਤਦਾਨਾਂ,ਸਮਾਜਿਕ ਕਾਰਕੁੰਨਾਂ, ਕਿਸਾਨ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਨੂੰ ਇੱਕ ਪਲੇਟਫਾਰਮ ਬਨਾਉਣ ਦੀ ਹੈ। ਵਿਦਵਾਨ, ਪੱਤਰਕਾਰ, ਚਿੰਤਕ, ਆਪਣੀਆਂ ਲਿਖਤਾਂ, ਵਿਚਾਰਾਂ ਨਾਲ ਜਮਹੂਰੀ ਲਹਿਰ ਉਸਾਰਨ ਅਤੇ ਲੋਕ ਹਿੱਤ 'ਚ ਖੜ੍ਹੇ ਹੋਣ ਲਈ ਭੂਮਿਕਾ ਨਿਭਾ ਸਕਦੇ ਹਨ।

# ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਆਯੂਸ਼ਮਾਨ ਕਾਰਡ ਬਣਵਾ ਕੇ ਇਨਾਮ ਜਿੱਤਣ ਵਾਲੀ ਸਕੀਮ ਵਿਚ ਪੰਜਾਬ ਸਰਕਾਰ ਵਲੋਂ 31 ਦਸੰਬਰ ਤੱਕ ਕੀਤਾ ਗਿਆ ਵਾਧਾ : ਡਾ. ਨਵਜੋਤ ਕੌਰ ਸਿਵਲ ਸਰਜਨ

**-31 ਦਸੰਬਰ 2023 ਤੱਕ ਆਪਣਾ ਆਯੂਸ਼ਮਾਨ ਕਾਰਡ ਬਣਵਾਉਣ ਵਾਲੇ ਸਾਰੇ ਲਾਭਪਾਤਰੀਆਂ ਵਿਚੋਂ ਲੱਕੀ ਡਰਾਅ ਦੇ ਜਰੀਏ 10 ਲੋਕਾਂ ਨੂੰ ਦਿੱਤੇ ਜਾਣਗੇ ਨਗਦ ਇਨਾਮ**



ਸ੍ਰੀ ਮੁਕਤਸਰ ਸਾਹਿਬ, 20 ਦਸੰਬਰ (ਗਿਆਨ ਸਿੰਘ): ਪੰਜਾਬ ਸਰਕਾਰ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ । ਇਸ ਸਬੰਧ ਵਿੱਚ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਹਰ ਇੱਕ ਲਾਭਪਾਤਰੀ ਪਰਿਵਾਰ ਨੂੰ ਪੰਜ ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਲੋਕਾਂ ਨੂੰ ਇਹ ਮੁਫਤ ਸਹੂਲਤ ਪ੍ਰਾਪਤ ਕਰਨ ਲਈ ਆਯੁਸ਼ਮਾਨ ਕਾਰਡ ਬਣਾਉਣ ਲਈ ਲਗਾਤਾਰ ਪ੍ਰੇਰਤ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਡਾ. ਨਵਜੋਤ ਕੌਰ ਸਿਵਲ ਸਰਜਨ ਸ਼੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਵਲੋਂ ਪੰਜਾਬ ਵਾਸੀਆਂ ਨੂੰ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨਾਲ ਜੋੜਨ ਲਈ ਨਵੇਕਲੀ ਪਹਿਲ ਕਰਦੇ ਹੋਏ ਲਾਭਪਾਤਰੀਆਂ ਦੇ ਕਾਰਡ ਬਣਾਉਣ ਵਿਚ ਵਾਧਾ ਕਰਨ ਦੇ ਮਕਸਦ ਨਾਲ ਇਕ ਬੰਪਰ ਡਰਾਅ ਕੱਢਿਆ ਜਾ ਰਿਹਾ ਹੈ ਇਹ ਡਰਾਅ 31 ਦਸੰਬਰ 2023 ਤੱਕ ਆਪਣਾ ਆਯੂਸ਼ਮਾਨ ਕਾਰਡ ਬਣਵਾਉਣ ਵਾਲੇ ਸਾਰੇ ਲਾਭਪਾਤਰੀਆਂ ਵਿਚੋਂ 10 ਲੋਕਾਂ ਨੂੰ ਨਗਦ ਇਨਾਮ ਦਿੱਤੇ ਜਾਣਗੇ ।ਜਿਸ ਵਿਚ ਪਹਿਲਾ ਇਨਾਮ ਇਕ ਲੱਖ ਰੁਪਏ, ਦੂਜਾ ਇਨਾਮ ਪੰਜਾਹ ਹਜ਼ਾਰ ਰੁਪਏ, ਤੀਜਾ ਇਨਾਮ 25 ਹਜ਼ਾਰ ਰੁਪਏ, ਚੌਥਾ ਇਨਾਮ 10 ਹਜ਼ਾਰ ਰੁਪਏ, ਪੰਜਵਾਂ ਇਨਾਮ ਅੱਠ ਹਜ਼ਾਰ ਰੁਪਏ ਅਤੇ 6ਵੇਂ ਤੋ 10ਵੇਂ ਇਨਾਮ ਤੱਕ ਸਾਰੇ ਜੇਤੂਆਂ ਨੂੰ ਪੰਜ-ਪੰਜ ਹਜਾਰ ਰੁਪਏ ਦਿੱਤੇ ਜਾਣਗੇ। ਉਨ੍ਹਾ ਕਿਹਾ ਕਿ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਅਧੀਨ ਜਿਲ੍ਹੇ ਵਿਚ ਹੁਣ ਤੱਕ 341372 ਲੋਕਾਂ ਦੇ ਲਾਭਪਾਤਰੀ ਕਾਰਡ ਬਣਾਏ ਜਾ ਚੁੱਕੇ ਹਨ ਅਤੇ ਜਿਲ੍ਹੇ ਵਿਚ ਅਜੇ ਵੀ ਬਹੁਤ ਸਾਰੇ ਯੋਗ ਲਾਭਪਾਤਰੀ ਲੋਕਾਂ ਦੇ ਇਹ ਕਾਰਡ ਬਣਨੇ ਬਾਕੀ ਹਨ। ਲਾਭਪਾਤਰੀ ਪਰਿਵਾਰਾਂ ਨੂੰ ਅਪੀਲ ਹੈ ਕਿ ਉਹ ਪਰਿਵਾਰ ਦੇ ਹਰ ਮੈਂਬਰ ਦਾ ਆਪਣਾ ਵੱਖਰਾ-ਵੱਖਰਾ ਕਾਰਡ ਸਮਾਂ ਰਹਿੰਦਿਆਂ ਬਣਵਾ ਲੈਣ ਤਾਂ ਜੋ ਹਸਪਤਾਲ ਵਿੱਚ ਦਾਖਿਲ ਹੋਣ ਦੀ ਸੂਰਤ ਵਿੱਚ ਲੋੜ ਪੈਣ ਤੇ ਇਸ ਯੋਜਨਾਂ ਦਾ ਲਾਭ ਬਿਨਾਂ ਕਿਸੇ ਪਰੇਸ਼ਾਨੀ ਤੋਂ ਲਿਆ ਜਾ ਸਕੇ। ਇਸ ਮੌਕੇ ਡਾ. ਬੰਦਨਾ ਬਾਂਸਲ ਡਿਪਟੀ ਮੈਡੀਕਲ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ ਨੇ ਕਿਹਾ ਕਿ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਹਰ ਇੱਕ ਲਾਭਪਾਤਰੀ ਪਰਿਵਾਰ ਨੂੰ ਪੰਜ ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਮੁਹੱਈਆ ਕੀਤੀ ਜਾਂਦੀ ਹੈ।ਉਨ੍ਹਾ ਕਿਹਾ ਕਿ ਇਹਨਾਂ ਕਾਰਡਾਂ ਦੇ ਲਾਭਪਾਤਰੀਆਂ ਸ਼੍ਰੇਣੀਆਂ ਵਿੱਚ ਐਨ.ਐਫ.ਐਸ.ਏ. ਰਾਸ਼ਨ ਕਾਰਡ ਧਾਰਕ, ਜੇ ਫਾਰਮ ਧਾਰਕ ਕਿਸਾਨ, ਰਜਿਸਟਰਡ ਮਜਦੂਰ, ਰਜਿਸਟਰਡ ਛੋਟੇ ਵਪਾਰੀ, ਪੀਲੇ ਕਾਰਡ ਧਾਰਕ ਪੱਤਰਕਾਰ ਅਤੇ ਐਸ.ਈ.ਸੀ.ਸੀ. ਆਦਿ ਸ਼ਾਮਲ ਹਨ। ਉਨਾਂ ਦੱਸਿਆ ਕਿ ਇਹ ਕਾਰਡ ਵੈਬਸਾਈਟ ਰਾਹੀਂ ਖੁੱਦ ਵੀ ਘਰ ਬੈਠੇ ਬਣਾਇਆ ਜਾ ਸਕਦਾ ਹੈ ਜਾਂ ਨਜਦੀਕੀ ਆਸ਼ਾ ਵਰਕਰਾਂ/ ਸੂਚੀਬੱਧ ਹਸਪਤਾਲਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸੰਬੰਧੀ ਜਾਣਕਾਰੀ ਹੈਲਪਲਾਈਨ ਨੰਬਰ 14555 ਡਾਈਲ ਕਰਕੇ ਲਈ ਜਾ ਸਕਦੀ ਹੈ।

# ਪੰਜਾਬੀ ਗਾਇਕ ਸਿੰਗਾ ਤੋਂ ਮਿਲੀ ਧਮਕੀ, ਮੰਗੀ ਫਿਰੌਤੀ, ਲਾਈਵ ਹੋ ਕੇ ਮੁੱਖ ਮੰਤਰੀ ਨੂੰ ਇਨਸਾਫ ਦੀ ਕੀਤੀ ਅਪੀਲ



ਚੰਡੀਗੜ੍ਹ, 20 ਦਸੰਬਰ (ਪੋਸਟ ਬਿਊਰੋ): ਪੰਜਾਬੀ ਗਾਇਕ ਮਨਪ੍ਰੀਤ ਸਿੰਘ ਉਰਫ਼ ਸਿੰਗਾ ਨੇ ਵੱਡਾ ਇਲਜ਼ਾਮ ਲਾਇਆ ਹੈ। ਉਨ੍ਹਾਂ ਨੇ ਲਾਈਵ ਹੋ ਕੇ ਦੱਸਿਆ ਕਿ ਅਗਸਤ ਮਹੀਨੇ ਵਿੱਚ ਉਸ ਖਿਲਾਫ਼ ਥਾਣਾ ਸਿਟੀ ਕਪੂਰਥਲਾ ਅਤੇ ਅਜਨਾਲਾ ਵਿੱਚ ਗੰਨ ਕਲਚਰ ਨੂੰ ਉਤਸ਼ਾਹਿਤ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ, ਜਿਸ ਲਈ ਉਸ ਤੋਂ 10 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ। ਪੈਸੇ ਨਾ ਦੇਣ 'ਤੇ ਸਟੇਜ ਤੋਂ ਚੁੱਕ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਨਸਾਫ਼ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਐਸਐਸਪੀ ਕਪੂਰਥਲਾ ਵਤਸਲਾ ਗੁਪਤਾ ਨੇ ਕਿਹਾ ਹੈ ਕਿ ਮਾਮਲੇ ਦੀ ਪੜਤਾਲ ਕੀਤੀ ਜਾਵੇਗੀ।

ਪੰਜਾਬੀ ਗਾਇਕ ਸਿੰਗਾ ਦਾ ਨਵਾਂ ਗੀਤ ਸਟਿਲ ਲਾਈਵ ਲਾਂਚ ਹੋਇਆ ਸੀ। ਭੀਮ ਰਾਓ ਯੁਵਾ ਬਲ ਦੇ ਮੁਖੀ ਅਮਨਦੀਪ ਸਹੋਤਾ ਵਾਸੀ ਮੁਹੱਲਾ ਸ਼ਹਿਰੀਆਂ ਨੇ ਥਾਣਾ ਸਿਟੀ ਕਪੂਰਥਲਾ ਵਿਖੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਗੀਤ ਵਿਚ ਗੰਨ ਕਲਚਰ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਅਸ਼ਲੀਲਤਾ ਫੈਲਾਈ ਗਈ ਹੈ। ਸ਼ਿਕਾਇਤ 'ਤੇ ਪੁਲਿਸ ਨੇ ਗਾਇਕ ਸਿੰਘਾ ਸਮੇਤ 5 ਲੋਕਾਂ ਦੇ ਖਿਲਾਫ਼ ਧਾਰਾ 294 ਅਤੇ 120ਬੀ ਤਹਿਤ ਮਾਮਲਾ ਦਰਜ ਕੀਤਾ ਸੀ।

ਸਿੰਗਾ ਨੇ ਕਿਹਾ ਕਿ ਉਸ ਖਿਲਾਫ਼ ਕਪੂਰਥਲਾ ਅਤੇ ਅਜਨਾਲਾ ਵਿੱਚ ਕੁਝ ਮਹੀਨੇ ਪਹਿਲਾਂ ਦੋ ਵੱਖ-ਵੱਖ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਮਾਮਲੇ ਨੂੰ ਰਫਾ-ਦਫਾ ਕਰਨ ਲਈ ਉਨ੍ਹਾਂ ਤੋਂ 10 ਲੱਖ ਰੁਪਏ ਦੀ ਮੰਗ ਕੀਤੀ ਗਈ ਹੈ, ਜਿਸ ਦੇ ਉਨ੍ਹਾਂ ਕੋਲ ਪੂਰੇ ਸਬੂਤ ਹਨ ਅਤੇ ਉਨ੍ਹਾਂ ਮੁੱਖ ਮੰਤਰੀ ਤੋਂ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਲਾਈਵ ਬੋਲਦੇ ਹੋਏ ਸਿੰਗਾ ਨੇ ਕਿਹਾ ਕਿ 10 ਅਗਸਤ ਨੂੰ ਮੇਰੇ ਵਕੀਲ ਦਾ ਫੋਨ ਆਉਂਦਾ ਹੈ ਕਿ ਮੇਰੇ 'ਤੇ ਕਪੂਰਥਲਾ ਵਿਖੇ ਧਾਰਾ 295 ਹੇਠ ਐੱਫਆਈਆਰ ਦਰਜ ਕੀਤੀ ਗਈ ਹੈ। ਫਿਰ 3-4 ਦਿਨਾਂ ਬਾਅਦ ਉਸੇ ਗੀਤ ਨੂੰ ਲੈ ਕੇ ਅਜਨਾਲੇ ਵਿਖੇ ਧਾਰਾ 295 ਏ ਤਹਿਤ ਐੱਫਆਈਆਰ ਦਰਜ ਹੁੰਦੀ ਹੈ। ਮੈਂ ਹਰ ਧਰਮ ਦਾ ਸਤਿਕਾਰ ਕਰਦਾ ਹਾਂ ਤੇ ਜੇ ਮੈਂ ਕੋਈ ਗਲਤੀ ਕੀਤੀ ਹੈ ਤਾਂ ਉਸ ਦੀ ਬਣਦੀ ਸਜ਼ਾ ਮੈਨੂੰ ਦਿੱਤੀ ਜਾਵੇ ਪਰ ਜੇ ਇਹੀ ਪਰਚੇ ਬਲੈਕਮੇਲਿੰਗ ਲਈ ਦਰਜ ਕੀਤੇ ਜਾਣ ਤਾਂ ਸੋਚੋ ਆਮ ਦੁਨੀਆਂ ਦਾ ਕੀ ਬਣੇਗਾ।


Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
Gore Rd
Squire Ellis Dr
Countryside Dr



LOCAL & LONG DISTANCE MOVING
H.K. MOVERS
VANCOUVER - CALGARY - EDMONTON - WINNIPEG - TORONTO - OTTAWA - MONTREAL
CANADA'S MOVING COMPANY


WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS
Best Business of 2023 ThreeBest Rated Excellence
Call: 416.524.6704
www.hkmovers.ca
2023 ThreeBest Rated Certificate of Excellence
SAFE, RELIABLE AND EFFICIENT SERVICE AT THE BEST RATES

# "ਪੰਜਾਬੀ ਜ਼ਬਾਨ ਜੇਕਰ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾ ਸਕਦੀ ਏ ਤਾਂ ਫਿਰ ਸਕੂਲਾਂ 'ਚ ਕਿਉਂ ਨਹੀਂ?" : ਜ਼ੁਬੇਰ ਅਹਿਮਦ

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ 'ਚ ਲਹਿੰਦੇ ਪੰਜਾਬ ਦੇ ਲੇਖਕ ਪ੍ਰੋ. ਜ਼ੁਬੇਰ ਅਹਿਮਦ ਨਾਲ ਰੂ-ਬ-ਰੂ ਦੌਰਾਨ ਹੋਈ ਭਾਵਪੂਰਤ ਗੱਲਬਾਤ, ਕਵੀ-ਦਰਬਾਰ ਵੀ ਹੋਇਆ



ਬਰੈਂਪਟਨ, (ਡਾ. ਝੰਡ) -ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਸਾਲ 2023 ਦਾ ਅਖ਼ੀਰਲਾ ਸਮਾਗ਼ਮ ਲੰਘੇ ਐਤਵਾਰ 17 ਦਸੰਬਰ ਨੂੰ 2250 ਬੋਵੇਰਡ ਡਰਾਈਵ ਸਥਿਤ 'ਹੋਮ ਲਾਈਫ਼ ਰਿਆਲਟੀ' ਦੇ ਮੀਟਿੰਗ ਹਾਲ ਵਿਚ ਹੋਇਆ ਜਿਸ ਵਿਚ ਲਹਿੰਦੇ ਪੰਜਾਬ ਦੇ ਉੱਘੇ ਕਵੀ ਤੇ ਕਹਾਣੀਕਾਰ ਪ੍ਰੋ. ਜ਼ੁਬੇਰ ਅਹਿਮਦ ਨਾਲ ਹੋਏ ਰੂ-ਬ-ਰੂ ਦੌਰਾਨ ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚ ਪੰਜਾਬੀ ਬੋਲੀ ਦੀ ਅਜੋਕੀ ਹਾਲਤ ਬਾਰੇ ਬੜੀਆਂ ਭਾਵਪੂਰਤ ਗੱਲਾਂ-ਬਾਤਾਂ ਹੋਈਆਂ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਉਨ੍ਹਾਂ ਦੇ ਨਾਲ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਕਮੇਟੀ ਆਫ਼ ਪ੍ਰੋਗਰੈੱਸਿਵ ਪਾਕਿਸਤਾਨੀ ਕੈਨੇਡੀਅਨਜ਼ ਦੀ ਸਰਗ਼ਰਮ ਨੁਮਾਇੰਦਾ ਫ਼ੌਜ਼ੀਆ ਤਨਵੀਰ ਤੇ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ।

ਮਲੂਕ ਸਿੰਘ ਕਾਹਲੋਂ ਵੱਲੋਂ ਆਏ ਮਹਿਮਾਨਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਨੇ ਡਾ. ਜਗਮੋਹਨ ਸਿੰਘ ਸੰਘਾ ਨੂੰ ਪ੍ਰੋ. ਜ਼ੁਬੇਰ ਅਹਿਮਦ ਬਾਰੇ ਸੰਖੇਪ ਜਾਣਕਾਰੀ ਦੇਣ ਲਈ ਕਿਹਾ ਜਿਨ੍ਹਾਂ ਨੇ ਉਨ੍ਹਾਂ ਦੀਆਂ ਕਵਿਤਾਵਾਂ ਤੇ ਕਹਾਣੀਆਂ ਦੀਆਂ ਕਿਤਾਬਾਂ ਬਾਰੇ ਦੱਸਦਿਆਂ ਕਿਹਾ ਕਿ ਜੁਬੇਰ ਹੁਰਾਂ ਦੇ ਦੋ ਕਾਵਿ-ਸੰਗ੍ਰਹਿ 'ਦਮ ਯਾਦ ਨਾ ਕੀਤਾ' ਤੇ 'ਸੱਦ' ਹਨ ਅਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਤਿੰਨ ਕਹਾਣੀ-ਸੰਗ੍ਰਹਿ 'ਮੀਂਹ, ਬੂਹੇ ਤੇ ਬਾਰੀਆਂ', 'ਕਬੂਤਰ, ਬਨੇਰੇ ਤੇ ਗ਼ਲੀਆਂ' ਅਤੇ ਪਾਣੀ ਦੀ ਕੰਧ' ਵੱਖ-ਵੱਖ ਸਮੇਂ ਛਪੇ ਹਨ। ਇਸ ਦੇ ਨਾਲ ਹੀ 'ਕਬੂਤਰ, ਬਨੇਰੇ ਤੇ ਗ਼ਲੀਆਂ' ਦਾ ਅੰਗਰੇਜ਼ੀ ਅਨੁਵਾਦ 'ਗਰੀਵਿੰਗ 'ਫਾਰ ਪਿਜਨਜ਼' ਦੇ ਸਿਰਲੇਖ ਹੇਠ ਛਪਿਆ ਹੈ। ਉਪਰੰਤ, ਜਦੋਂ ਜ਼ੁਬੇਰ ਅਹਿਮਦ ਨੂੰ ਆਪਣੇ ਬਾਰੇ ਬੋਲਣ ਲਈ ਬੇਨਤੀ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਵਡੇਰੇ 1947 ਦੀ 'ਵੰਡ' ਸਮੇਂ ਗੁਰਦਾਸਪੁਰ ਜ਼ਿਲੇ ਦੇ ਸ਼ਹਿਰ 'ਵਟਾਲਾ' (ਬਟਾਲਾ) ਨੂੰ ਛੱਡ ਕੇ ਲਾਹੌਰ ਪਹੁੰਚੇ ਸਨ। ਉਹ ਲਾਹੌਰ ਦੇ ਜੰਮਪਲ ਹਨ ਜਿਸ ਦੇ ਬਾਰੇ ਮਸ਼ਹੂਰ ਹੈ, "ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆਂ ਨਹੀਂ" ਪਰ ਅੱਜਕੱਲ੍ਹ ਉੱਥੇ ਪ੍ਰਦੂਸ਼ਣ ਦੇ ਵੱਧ ਜਾਣ ਕਾਰਨ ਇਹ ਵੀ ਮਸ਼ਹੂਰ ਹੋ ਗਿਆ ਹੈ, "ਜੀਹਨੇ ਲਾਹੌਰ ਨਹੀਂ ਘੁੰਮਿਆਂ, ਉਹ ਖੰਘਿਆ ਨਹੀਂ"।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅੰਮੀ ਨੂੰ ਪੰਜਾਬੀ ਦੀਆਂ ਕਿਤਾਬਾਂ ਪੜ੍ਹਨ ਦਾ ਬੜਾ ਸ਼ੌਕ ਸੀ ਅਤੇ ਇਸ ਤਰ੍ਹਾਂ ਪੰਜਾਬੀ ਵਿਚ ਲਿਖਣ-ਪੜ੍ਹਨ ਦੀ 'ਗੁੜ੍ਹਤੀ' ਉਨ੍ਹਾਂ ਨੂੰ ਆਪਣੀ ਅੰਮੀ ਕੋਲੋਂ ਬਚਪਨ ਵਿਚ ਹੀ ਮਿਲ ਗਈ। ਉਨ੍ਹਾਂ ਦੱਸਿਆ ਕਿ ਭਾਵੇਂ ਅੰਗਰੇਜ਼ੀ ਵਿਚ ਐੱਮ.ਏ. ਕਰਨ ਤੋਂ ਬਾਅਦ ਉਨ੍ਹਾਂ ਨੇ ਕਾਲਜ ਤੇ ਯੂਨੀਵਰਸਿਟੀ ਵਿਚ ਅੰਗਰੇਜ਼ੀ ਪੜ੍ਹਾਈ ਹੈ ਪਰ ਲਿਖਿਆ ਪੰਜਾਬੀ ਵਿਚ ਹੀ ਹੈ। ਆਪਣੀਆਂ ਕਹਾਣੀਆਂ ਕਿਤਾਬਾਂ ਵਿੱਚੋਂ ਉਨ੍ਹਾਂ ਤਿੰਨ ਕਹਾਣੀਆਂ ਦੀਆਂ ਕੁਝ ਟੂਕਾਂ ਵੀ ਪੜ੍ਹ ਕੇ ਸੁਣਾਈਆਂ। 'ਪਾਣੀ ਦੀ ਕੰਧ' ਕਹਾਣੀ ਦਾ ਅਖ਼ੀਰਲਾ ਹਿੱਸਾ ਜੋ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਹੋਇਆ ਡਾਹਡਾ ਸੰਵੇਦਨਸ਼ੀਲ ਸੀ, ਨੂੰ ਉਹ ਪੜ੍ਹ ਕੇ ਸੁਣਾਉਂਦਿਆਂ ਤਾਂ ਉਹ ਡਾਹਡੇ ਭਾਵੁਕ ਹੋ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਲਾਹੌਰ ਵਿਚ ਪੰਜਾਬੀ ਪੁਸਤਕਾਂ 'ਨੋ ਪ੍ਰਾਫ਼ਿਟ ਨੋ ਲੌਸ' ਅਧਾਰ 'ਤੇ ਪਾਠਕਾਂ ਤੀਕ ਪਹੁੰਚਾਉਣ ਲਈ ਇਕ ਸੰਸਥਾ 'ਤ੍ਰਿੰਜਣ' ਬਣਾਈ ਹੋਈ ਹੈ ਜਿਹੜੀ ਆਪਣਾ ਕੰਮ ਬਾਖ਼ੂਬੀ ਕਰ ਰਹੀ ਹੈ।

ਸਰੋਤਿਆਂ ਵਿੱਚੋਂ ਡਾ. ਜਗਮੋਹਨ ਸੰਘਾ, ਡਾ. ਸੁਖਦੇਵ ਸਿੰਘ ਝੰਡ, ਮਲੂਕ ਸਿੰਘ ਕਾਹਲੋਂ, ਰਛਪਾਲ ਕੌਰ ਗਿੱਲ, ਹਰਜਸਪ੍ਰੀਤ ਗਿੱਲ ਤੇ ਸੁੰਦਰਪਾਲ ਰਾਜਾਸਾਂਸੀ ਵੱਲੋਂ ਉਨ੍ਹਾਂ ਨੂੰ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਦੀ ਅਜੋਕੀ ਸਥਿਤੀ, ਸ਼ਾਹਮੁਖੀ ਤੇ ਗੁਰਮੁਖੀ ਲਿਪੀਆਂ ਦੇ ਆਪਸੀ ਅਦਾਨ-ਪ੍ਰਦਾਨ, ਗੁਰਮੁਖੀ ਅੱਖਰਾਂ ਵਿਚ ਲਿਖੀਆਂ ਪੁਸਤਕਾਂ ਪੜ੍ਹਨ, ਆਦਿ ਬਾਰੇ ਪੁੱਛੇ ਗਏ ਸੁਆਲਾਂ ਦੇ ਜੁਆਬ ਉਨ੍ਹਾਂ ਵੱਲੋਂ ਤਸੱਲੀ-ਪੂਰਵਕ ਦਿੱਤੇ ਗਏ। ਓਧਰ ਸਕੂਲ ਪੱਧਰ 'ਤੇ ਪੰਜਾਬੀ ਨਾ ਪੜ੍ਹਾਏ ਜਾਣ ਬਾਰੇ ਪੁੱਛੇ ਗਏ ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ, "ਸਮਝ ਨਹੀਂ ਲੱਗਦੀ ਕਿ ਪੰਜਾਬੀ ਜੇਕਰ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹਾਈ ਜਾ ਸਕਦੀ ਹੈ ਤਾਂ ਫਿਰ ਸਕੂਲਾਂ ਵਿਚ ਇਹ ਪੜ੍ਹਾਉਣ 'ਤੇ ਹਕੂਮਤ ਨੂੰ ਕਿਉਂ ਤਕਲੀਫ਼ ਹੁੰਦੀ ਹੈ। ਜ਼ਾਹਿਰ ਹੈ ਕਿ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਲਈ ਉਸ ਨੂੰ 50-60 ਲੱਖ ਪੰਜਾਬੀ ਦੇ 'ਕਾਇਦੇ' ਛਪਵਾਉਣੇ ਪੈਣਗੇ।" ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਬਹੁਤ ਹੀ ਥੋੜ੍ਹਾ ਸਮਾਂ ਪਹਿਲਾਂ ਪ੍ਰੋ. ਜ਼ੁਬੇਰ ਅਹਿਮਦ ਹੁਰਾਂ ਨੂੰ ਕੀਤੀ ਗਈ ਬੇਨਤੀ ਨੂੰ ਸਵੀਕਾਰ ਕਰਦਿਆਂ ਹੋਇਆਂ ਆਪਣੇ ਜ਼ਰੂਰੀ ਰੁਝੇਵਿਆਂ ਵਿਚੋਂ ਸਭਾ ਦੇ ਲਈ ਸਮਾਂ ਕੱਢਣ ਲਈ ਉਨ੍ਹਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ, ਜਦਕਿ ਓਸੇ ਦਿਨ ਹੀ ਸ਼ਾਮ ਨੂੰ ਉਨ੍ਹਾਂ ਦੀ ਲਾਹੌਰ ਨੂੰ ਵਾਪਸੀ ਵੀ ਸੀ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਦਾ ਸੰਚਾਲਨ ਪਰਮਜੀਤ ਸਿੰਘ ਢਿੱਲੋਂ ਵੱਲੋਂ ਕੀਤਾ ਗਿਆ। ਇਸ ਵਿਚ ਸੱਭ ਤੋਂ ਪਹਿਲਾਂ ਰਿੰਟੂ ਭਾਟੀਆ ਨੇ ਜ਼ੁਬੇਰ ਅਹਿਮਦ ਦੇ ਲਿਖੇ ਹੋਏ ਟੱਪੇ ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕੀਤੇ। ਉਪਰੰਤ, ਵਾਰੀ-ਵਾਰੀ ਮਕਸੂਦ ਚੌਧਰੀ, ਕਰਨ ਅਜਾਇਬ ਸਿੰਘ ਸੰਘਾ, ਡਾ. ਪਰਗਟ ਸਿੰਘ ਬੱਗਾ, ਸੁਖਿੰਦਰ, ਗਿਆਨ ਸਿੰਘ ਦਰਦੀ, ਫ਼ੌਜ਼ੀਆ ਤਨਵੀਰ, ਅਹਿਮਦ ਭੱਟੀ, ਹਰਪਾਲ ਸਿੰਘ ਭਾਟੀਆ, ਜੱਸੀ ਭੁੱਲਰ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਮੰਡ, ਸੁਖਚਰਨਜੀਤ ਗਿੱਲ, ਰੂਬੀ ਕਰਤਾਰਪੁਰੀ, ਸੁੰਦਰਪਾਲ ਰਾਜਾਸਾਂਸੀ, ਹਰਭਜਨ ਕੌਰ ਗਿੱਲ, ਹਰਜਸਪ੍ਰੀਤ ਗਿੱਲ, ਰਮਿੰਦਰ ਵਾਲੀਆ, ਮਲਵਿੰਦਰ ਸ਼ਾਇਰ, ਸੁਖਦੇਵ ਸਿੰਘ ਝੰਡ, ਸੁਰਿੰਦਰ ਸ਼ਰਮਾ, ਬਲਜੀਤ ਸਿੰਘ ਗਰੇਵਰ, ਗੁਰਮੇਲ ਸਿੰਘ, ਡਾ. ਦਵਿੰਦਰ ਸਿੰਘ ਲਿੱਧੜ ਤੇ ਕਈ ਹੋਰਨਾਂ ਵੱਲੋਂ ਆਪਣੀਆਂ ਕਵਿਤਾਵਾਂ ਸੁਣਾਈਆਂ ਅਤੇ ਵਿਚਾਰ ਪੇਸ਼ ਕੀਤੇ ਗਏ। ਇਸ ਦੌਰਾਨ ਇਕਬਾਲ ਬਰਾੜ ਵੱਲੋਂ ਆਪਣੀ ਸੁਰੀਲੀ ਆਵਾਜ਼ ਵਿਚ ਖ਼ੂਬਸੂਰਤ ਹਿੰਦੀ ਫ਼ਿਲਮੀ ਗੀਤ "ਆਜ ਮੌਸਮ ਬੜਾ ਬੇਈਮਾਨ ਹੈ" ਗਾ ਕੇ ਮਾਹੌਲ ਨੂੰ ਸੰਗੀਤਮਈ ਬਣਾਇਆ ਗਿਆ। ਉਪਰੰਤ, ਪਰਮਜੀਤ ਸਿੰਘ ਗਿੱਲ ਨੇ ਇਕ ਗ਼ਜ਼ਲ ਅਤੇ ਪੰਜਾਬ ਸਿੰਘ ਕਾਹਲੋਂ ਵੱਲੋਂ ਪੰਜਾਬ ਦੇ ਅਜੋਕੇ ਹਾਲਾਤ 'ਤੇ ਗੀਤ ਤਰੰਨਮ ਵਿਚ ਪੇਸ਼ ਕੀਤਾ ਗਿਆ। ਪ੍ਰਧਾਨਗੀ-ਮੰਡਲ ਵਿੱਚੋਂ ਗੁਰਮੇਲ ਸਿੰਘ ਸੰਧੂ ਅਤੇ ਮੰਚ-ਸੰਚਾਲਕ ਪਰਮਜੀਤ ਢਿੱਲੋਂ ਵੱਲੋਂ ਵੱਲੋਂ ਕੈਨੇਡਾ ਦੇ ਅਜੋਕੇ ਹਾਲਾਤ ਆਪਣੇ ਗੀਤਾਂ ਵਿਚ ਬਾਖ਼ੂਬੀ ਪੇਸ਼ ਕੀਤੇ ਗਏ।

ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਬਲਰਾਜ ਚੀਮਾ ਨੇ ਸਮਾਗ਼ਮ ਦੇ ਮੁੱਖ-ਬੁਲਾਰੇ ਜ਼ੁਬੇਰ ਅਹਿਮਦ ਅਤੇ ਆਏ ਸਮੂਹ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ੁਬੇਰ ਅਹਿਮਦ ਤੇ ਉਨ੍ਹਾਂ ਦੇ ਸਾਥੀ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਦੇ ਵਿਸਥਾਰ ਲਈ ਬਹੁਤ ਵਧੀਆ ਕੰਮ ਕਰ ਰਹੇ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਆਉਂਦੇ ਸਾਲਾਂ ਵਿਚ ਉਹ ਇਸ ਵਿਚ ਹੋਰ ਵੀ ਕਾਮਯਾਬ ਹੋਣਗੇ। ਇਸ ਮੌਕੇ ਸਰੋਤਿਆਂ ਵਿਚ ਬਿਕਰਮ ਸਿੰਘ ਗਿੱਲ, ਕਰਨੈਲ ਸਿੰਘ ਮਰਵਾਹਾ, ਹਰਦਿਆਲ ਸਿੰਘ ਝੀਤਾ, ਪਰਸ਼ੋਤਮ ਸਿੰਘ, ਸ਼ਮਸ਼ੇਰ ਸਿੰਘ, ਹਰਮੇਸ਼ ਜੀਂਦੋਵਾਲ, ਮੋਹਿੰਦਰਪਾਲ ਸਿੰਘ, ਸੁਰਿੰਦਰ ਸਿੰਘ, ਮਿਸਿਜ਼ ਅਤਿੰਦਰਪਾਲ ਸਿੰਘ, ਗੁਰੰਜਲ ਕੌਰ ਅਤੇ ਲਹਿੰਦੇ ਪੰਜਾਬ ਤੋਂ ਮੁਹੰਮਦ ਅਫ਼ਜ਼ਲ ਰਾਜ਼, ਵਸੀਮ ਅਹਿਮਦ, ਮੁਹੰਮਦ ਇਕਬਾਲ ਗੌਂਡਲ, ਅਰਸ਼ਦ ਭੱਟੀ, ਜ਼ਹੀਰ ਅਹਿਮਦ, ਉਜ਼ਮਾ ਅਜ਼ੀਜ਼ ਇਰਫ਼ਾਨ ਤੇ ਕਈ ਹੋਰ ਸ਼ਾਮਲ ਸਨ।

